ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7l

awazeqaumtvpunjab@gmail.com

ਵੀਰਵਾਰ, 22 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫,੧੦ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਰੋਜ਼ੀ-ਰੋਟੀ ਕਮਾਉਣ ਗਏ ਨੌਜਵਾਨ ਦੀ ਪੁਰਤਗਾਲ 'ਚ ਮੌਤ, ਕੀਤਾ ਅੰਤਿਮ ਸੰਸਕਾਰ, ਪਰਿਵਾਰ ਦਾ ਰੋ-ਰੋ ਬੁਰਾ ਹਾਲ



ਹੁਸ਼ਿਆਰਪੁਰ, 21 ਫਰਵਰੀ (ਆਵਾਜ਼ਿ ਕੌਮ ਬਿਊਰੋ)- ਹੁਸ਼ਿਆਰਪੁਰ ਦੇ ਹਲਕਾ ਦਸੂਹਾ ਦੇ 24 ਸਾਲਾ ਨੌਜਵਾਨ ਦੀ ਹਾਲ ਹੀ 'ਚ ਪੁਰਤਗਾਲ ਦੇ ਲਿਸਬਨ ਸ਼ਹਿਰ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ ਜਿਸ ਦਾ ਅੱਜ ਉਸ ਦੇ ਜੱਦੀ ਪਿੰਡ ਅੰਤਿਮ ਸੰਸਕਾਰ ਕੀਤਾ ਗਿਆ। ਮ੍ਰਿਤਕ ਨੌਜਵਾਨ ਤਜਿੰਦਰ ਸਿੰਘ ਪੁੱਤਰ ਭਗਵੰਤ ਸਿੰਘ ਦੀ ਮ੍ਰਿਤਕ ਦੇਹ 16 ਦਿਨਾਂ ਬਾਅਦ ਅੱਜ ਉਸ ਦੇ ਜੱਦੀ ਪਿੰਡ ਉਸਮਾਨ ਸ਼ਹੀਦ ਵਿਖੇ ਪੁੱਜੀ। ਰੋਂਦੇ ਹੋਏ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੇ ਤਜਿੰਦਰ ਸਿੰਘ ਨੂੰ ਅੰਤਿਮ ਵਿਦਾਈ ਦਿੱਤੀ। ਪਰਿਵਾਰ ਨੇ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਇੱਥੇ ਲਿਆਉਣ ਲਈ ਪ੍ਰਵਾਸੀ ਵੀਰਾਂ ਦਾ ਧੰਨਵਾਦ ਕੀਤਾ। ਦੱਸ ਦਈਏ ਕਿ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਤਜਿੰਦਰ ਸਿੰਘ ਆਪਣੀ ਡਿਊਟੀ ਖ਼ਤਮ ਕਰਕੇ ਘਰ ਪਰਤ ਰਿਹਾ ਸੀ। ਹਾਦਸੇ ਦੌਰਾਨ ਕਾਰ ਵਿੱਚ ਪੰਜ ਨੌਜਵਾਨ ਸਵਾਰ ਸਨ। ਜਿਸ ਵਿੱਚੋਂ ਤਜਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹੋਰ ਨੌਜਵਾਨਾਂ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਹਨ। ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਦੇ ਪਿਤਾ ਭਗਵੰਤ ਸਿੰਘ ਨੇ ਦੱਸਿਆ ਕਿ ਉਸ ਨੇ 16 ਮਹੀਨੇ ਪਹਿਲਾਂ ਕਰਜ਼ਾ ਚੁੱਕ ਕੇ ਆਪਣੇ ਲੜਕੇ ਨੂੰ ਪੁਰਤਗਾਲ ਭੇਜਿਆ ਸੀ, ਤਾਂ ਜੋ ਘਰ ਦੀ ਆਰਥਿਕ ਹਾਲਤ ਚੰਗੀ ਹੋ ਸਕੇ। ਪਰ ਉੱਥੇ ਹੀ ਐਤਵਾਰ 5 ਫਰਵਰੀ ਨੂੰ ਸਵੇਰੇ ਰਿਸ਼ਤੇਦਾਰਾਂ ਨੇ ਘਰ ਆ ਕੇ ਉਨ੍ਹਾਂ ਦੇ ਪੁੱਤਰ ਦੀ ਸੜਕ ਹਾਦਸੇ ਵਿੱਚ ਮੌਤ ਹੋਣ ਦੀ ਸੂਚਨਾ ਦਿੱਤੀ। ਇਸ ਤੋਂ ਬਾਅਦ ਮੈਂ ਪੁਰਤਗਾਲ ਦੇ ਰਹਿਣ ਵਾਲੇ ਤਜਿੰਦਰ ਸਿੰਘ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ। ਜਿਨ੍ਹਾਂ ਨੇ ਦੱਸਿਆ ਕਿ ਕੰਮ ਖ਼ਤਮ ਕਰਕੇ ਪੰਜੇ ਦੋਸਤ ਕਾਰ 'ਚ ਸਵਾਰ ਹੋ ਕੇ ਘਰ ਵਾਪਸ ਆ ਰਹੇ ਸਨ। ਕੁਝ ਦੇਰ ਸਫ਼ਰ ਕਰਨ ਤੋਂ ਬਾਅਦ ਕਾਰ ਬੇਕਾਬੂ ਹੋ ਗਈ ਅਤੇ ਸੜਕ ਕਿਨਾਰੇ ਬਣੇ ਟੋਏ ਵਿੱਚ ਪਲਟ ਗਈ।

## ਸਕੂਨ ਵੈਨ ਦੇ ਹੇਠਾਂ ਆਉਣ ਨਾਲ 8 ਸਾਲਾ ਬੱਚੇ ਦੀ ਦਰਦਨਾਕ ਮੌਤ

ਫ਼ਤਹਿਗੜ੍ਹ ਸਾਹਿਬ, 21 ਫਰਵਰੀ (ਆਵਾਜ਼ਿ ਕੌਮ ਬਿਊਰੋ)- ਫ਼ਤਹਿਗੜ੍ਹ ਸਾਹਿਬ 'ਚ ਪੈਂਦੇ ਪਿੰਡ ਬਲਾੜ੍ਹੀ ਖ਼ੁਰਦ ਵਿਖੇ 8 ਸਾਲਾ ਬੱਚੇ ਜਸਕੀਰਤ ਸਿੰਘ ਦੀ ਆਪਣੇ ਹੀ ਸਕੂਲ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਕੋਟਲਾ ਬਜਵਾੜਾ ਦੀ ਵੈਨ ਹੇਠਾਂ ਆ ਕੇ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਉੱਥੇ ਹੀ ਸਕੂਲ ਦੇ ਪ੍ਰਬੰਧਕਾਂ ਵਿਰੁੱਧ ਪੁਲਿਸ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਪਿੰਡ ਵਾਸੀਆਂ ਅਤੇ ਰਿਸ਼ਤੇਦਾਰਾਂ ਦੇ ਨਾਲ ਸਕੂਲ ਅੱਗੇ ਨਾਅਰੇਬਾਜ਼ੀ ਕੀਤੀ। ਮ੍ਰਿਤਕ ਬੱਚੇ ਦੇ ਦਾਦਾ ਨਛੱਤਰ ਸਿੰਘ ਅਤੇ ਚਾਚਾ ਗੁਰਵਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵੈਨ ਦੇ ਡਰਾਈਵਰ ਅਤੇ ਕੰਡਕਟਰ ਨੇ ਜਸਕੀਰਤ ਸਿੰਘ ਨੂੰ ਵੈਨ ਤੋਂ ਥੱਲੇ ਉਤਾਰ ਕੇ ਵੈਨ ਤੋਰ ਲਈ। ਇਸ ਕਰਕੇ ਜਸਕੀਰਤ ਸਿੰਘ ਉਕਤ ਸਕੂਲ ਵੈਨ ਦੇ ਟਾਇਰਾਂ ਹੇਠਾਂ ਆ ਕੇ ਗੰਭੀਰ ਜ਼ਖ਼ਮੀ ਹੋ ਗਿਆ ਜਿਸ ਨੂੰ ਚੁੱਕ ਕੇ ਇੰਡਸ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਜਸਕੀਰਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

### ਜੈਤੋ ਮੋਰਚੇ ਦੀ 100 ਸਾਲਾ ਸ਼ਤਾਬਦੀ ਸਮਾਗਮ ਦੌਰਾਨ ਪੰਥਕ ਚੁਣੌਤੀਆਂ ਦੇ ਮੁਕਾਬਲੇ ਲਈ

# ਕੌਮੀ ਇਕਜੁਟਤਾ ਦੀ ਲੋੜ 'ਤੇ ਦਿੱਤਾ ਜ਼ੋਰ

**■ ਸਿੱਖ ਕੌਮ ਗੁਰਬਾਣੀ, ਸਿੱਖ ਸਿਧਾਂਤਾਂ ਤੇ ਇਤਿਹਾਸ ਦੀ ਰੌਸ਼ਨੀ 'ਚ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਕਾਰਜਸ਼ੀਲ ਹੋਵੇ- ਗਿਆਨੀ ਰਘਬੀਰ ਸਿੰਘ • ਜਬਰ ਜੁਲਮ ਵਿਰੁੱਧ ਖੜ੍ਹਨ ਕਰਕੇ ਹੀ ਸਿੱਖ ਕੌਮ ਹਕੂਮਤਾਂ ਨੂੰ ਰੜਕਦੀ ਹੈ- ਐਡਵੋਕੇਟ ਧਾਮੀ • ਸਿੱਖ ਕੌਮ ਆਪਣੀਆਂ ਸੰਸਥਾਵਾਂ ਦੀ ਮਜ਼ਬੂਤੀ ਲਈ ਇਕਜੁਟ ਹੋ ਕੇ ਕਰੇ ਚੁਣੌਤੀਆਂ ਦਾ ਮੁਕਾਬਲਾ- ਸ. ਸੁਖਬੀਰ ਸਿੰਘ ਬਾਦਲ**

ਅੰਮ੍ਰਿਤਸਰ, 21 ਫਰਵਰੀ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਅੱਜ ਪੰਥਕ ਜਾਹੋ-ਜਲਾਲ ਨਾਲ ਮਨਾਈ ਗਈ। ਇਸ ਸਬੰਧ ਵਿਚ ਗੁਰਦੁਆਰਾ ਟਿੱਬੀ ਸਾਹਿਬ ਜੈਤੋ ਵਿਖੇ ਕੀਤੇ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਪੰਥਕ ਆਗੂਆਂ ਅਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਪੰਡਾਲ ਵਿਚ ਸਜਾਏ ਗਏ ਸਮਾਗਮ ਸਮੇਂ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮੌਜੂਦਾ ਸਮੇਂ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਇਤਿਹਾਸ ਦੀ ਸੇਧ ਵਿਚ ਇਕਜੁਟਤਾ ਨਾਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਜੈਤੋ ਦਾ ਮੋਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਦੀ ਬਹਾਲੀ ਲਈ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਵਿਰੁੱਧ ਕੌਮੀ ਜਜ਼ਬੇ ਦੀ ਅਦੁੱਤੀ ਮਿਸਾਲ ਹੈ। ਇਹ ਸਿੱਖ ਕੌਮ ਦੇ ਸ਼ਾਨਾਂਮੱਤੇ ਇਤਿਹਾਸ ਦਾ ਸੁਨਹਿਰੀ ਪੰਨਾ ਹੈ, ਜਿਸ ਤੋਂ ਸੇਧ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵੀ ਸਰਕਾਰਾਂ ਵੱਲੋਂ ਨਾ ਕੇਵਲ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖ਼ਲ ਦਿੱਤਾ ਜਾ ਰਿਹਾ ਹੈ, ਬਲਕਿ ਕੌਮੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਵੀ ਚਲੀਆਂ ਜਾ ਰਹੀਆਂ ਹਨ। ਕੌਮੀ ਏਕਤਾ ਦੀ ਘਾਟ ਕਾਰਨ ਪੰਥ ਵਿਰੋਧੀ ਸ਼ਕਤੀਆਂ ਆਪਣੇ ਮਨਸੂਬਿਆਂ ਵਿਚ ਨੂੰ ਅੱਗੇ ਵਧਾ ਰਹੀਆਂ ਹਨ, ਜਿਸ ਪ੍ਰਤੀ ਕੌਮ ਨੂੰ ਚੇਤੰਨ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅਜੋਕੇ ਹਾਲਾਤਾਂ ਦਾ ਟਾਕਰਾ ਕਰਨ ਲਈ ਜੈਤੋ ਦੇ ਮੋਰਚੇ ਤੋਂ ਸੇਧ ਅਤੇ ਪ੍ਰੇਰਣਾ ਪ੍ਰਾਪਤ ਕਰਨੀ ਅਤਿ ਲੋੜੀਂਦੀ ਹੈ। ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਕਿਸਾਨੀ ਸੰਘਰਸ਼ ਦੀ ਗੱਲ ਕਰਦਿਆਂ ਸਮੁੱਚੀ ਕੌਮ ਨੂੰ ਅਪੀਲ ਕੀਤੀ ਕਿ ਵਰਤਮਾਨ ਸਮੇਂ ਗੁਰਬਾਣੀ, ਸਿੱਖ ਸਿਧਾਂਤਾਂ ਅਤੇ ਇਤਿਹਾਸ ਦੀ ਰੌਸ਼ਨੀ ਵਿਚ ਕੌਮ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਕਾਰਜਸ਼ੀਲ ਹੋਵੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸਿੱਖੀ ਜਜ਼ਬੇ ਦੀ ਘਾਟ ਚਿੰਤਾ ਦਾ ਵਿਸ਼ਾ ਹੈ, ਜਿਸ ਪ੍ਰਤੀ ਕੌਮੀ ਚਿੰਤਨ ਜ਼ਰੂਰੀ ਹੈ। ਅੱਜ ਪੁਰਾਤਨ ਸਿੱਖਾਂ ਦੇ ਜੀਵਨ ਵਿੱਚੋਂ ਕੌਮੀ ਭਾਵਨਾ ਦੀ ਪ੍ਰੇਰਣਾ ਪ੍ਰਾਪਤ ਕਰਕੇ ਸਿੱਖੀ ਜਜ਼ਬੇ, ਸਮਰਪਣ ਅਤੇ ਦ੍ਰਿੜ੍ਹਤਾ ਜਿਹੇ ਗੁਣ ਅਪਨਾਉਣੇ ਸਮੇਂ ਦੀ ਲੋੜ ਹੈ। ਸਮਾਗਮ ਸਮੇਂ ਆਪਣੇ ਸੰਬੋਧਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਨਾ ਬਾਕੀ ਸ.ਫ਼ਾ-3 'ਤੇ





## ਖਨੌਰੀ ਬਾਰਡਰ 'ਤੇ ਵਿਗੜੇ ਹਾਲਾਤ, ਪ੍ਰਦਰਸ਼ਨਾਕਾਰੀਆਂ ਨੇ ਪੁਲਿਸ 'ਤੇ ਕੀਤਾ ਹਮਲਾ

# 1 ਨੌਜਵਾਨ ਦੀ ਮੌਤ, 12 ਜ਼ਖ਼ਮੀ



ਖਨੌਰੀ, 21 ਫਰਵਰੀ (ਆਵਾਜ਼ਿ ਕੌਮ ਬਿਊਰੋ ਬਿਊਰੋ)- ਖਨੌਰੀ ਸਰਹੱਦ 'ਤੇ ਕਿਸਾਨਾਂ ਨੇ ਪਰਾਲੀ 'ਚ ਮਿਰਚ ਪਾਊਡਰ ਪਾ ਕੇ ਪੁਲਿਸ 'ਤੇ ਹਮਲਾ ਕੀਤਾ ਹੈ। ਹਰਿਆਣਾ ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਮੁਲਾਜ਼ਮਾਂ 'ਤੇ ਪਥਰਾਅ ਕਰਨ ਦੇ ਨਾਲ-ਨਾਲ ਡਾਂਗਾਂ ਨਾਲ ਹਮਲਾ ਕੀਤਾ। ਇਸ 'ਚ ਕਰੀਬ 12 ਪੁਲਸ ਕਰਮਚਾਰੀ ਗੰਭੀਰ ਜ਼ਖ਼ਮੀ ਹੋ ਗਏ ਹਨ। ਦੂਜੇ ਪਾਸੇ ਕਿਸਾਨਾਂ ਦੇ ਦਿੱਲੀ ਮਾਰਚ ਦੌਰਾਨ ਕਈ ਤਰ੍ਹਾਂ ਦੀਆਂ ਖ਼ਬਰਾਂ ਅਤੇ ਅਫ਼ਵਾਹਾਂ ਫੈਲ ਰਹੀਆਂ ਹਨ। ਇਸ ਦੌਰਾਨ ਇੱਕ 23 ਸਾਲਾ ਨੌਜਵਾਨ ਦੀ ਮੌਤ ਹੋਣ ਦੀ ਖ਼ਬਰ ਵੀ ਆ ਰਹੀ ਹੈ, ਜਿਸ ਨੂੰ ਹਰਿਆਣਾ ਪੁਲਿਸ ਨੇ ਅਫ਼ਵਾਹ ਕਰਾਰ ਦਿੱਤਾ ਹੈ। ਹਰਿਆਣਾ ਪੁਲਿਸ ਨੇ 3.30 'ਤੇ ਟਵੀਟ ਕਰਕੇ ਸਪੱਸ਼ਟ ਕੀਤਾ ਕਿ ਹੁਣ ਤੱਕ ਉਨ੍ਹਾਂ ਨੂੰ ਕਿਸੇ ਦੀ ਮੌਤ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਪੁਲਿਸ ਨੇ ਇਸ ਨੂੰ ਅਫ਼ਵਾਹ ਦੱਸਿਆ ਹੈ। ਹਰਿਆਣਾ ਪੁਲਿਸ ਨੇ ਟਵੀਟ 'ਚ ਕਿਹਾ ਹੈ, 'ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਕਿਸਾਨ ਅੰਦੋਲਨ 'ਚ ਕਿਸੇ ਕਿਸਾਨ ਦੀ ਮੌਤ ਨਹੀਂ ਹੋਈ ਹੈ। ਇਹ ਸਿਰਫ਼ ਇੱਕ ਅਫ਼ਵਾਹ ਹੈ। ਜਾਣਕਾਰੀ ਹੈ ਕਿ ਦਾਤਾ ਸਿੰਘ ਖਨੌਰੀ ਬਾਰਡਰ 'ਤੇ ਦੋ ਪੁਲਿਸ ਮੁਲਾਜ਼ਮ ਅਤੇ ਇੱਕ ਪ੍ਰਦਰਸ਼ਨਕਾਰੀ ਜ਼ਖਮੀ ਹੋਏ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਨਿਊਜ਼ ਏਜੰਸੀ ਏਐਨਆਈ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਅੱਗੇ ਵਧੇ, ਸਰਕਾਰ ਨੇ ਸਾਨੂੰ ਗੱਲਬਾਤ ਲਈ ਬੁਲਾਇਆ। ਸਰਕਾਰ ਸਾਡੇ ਖਿਲਾਫ ਪ੍ਰਚਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦਾ ਦਾਅਵਾ ਹੈ ਕਿ 23 ਸਾਲ ਦੇ ਬੱਚੇ ਦੀ ਮੌਤ ਹੋ ਗਈ ਹੈ। ਅਸੀਂ ਬਾਅਦ ਵਿੱਚ ਦਿੱਲੀ ਜਾਵਾਂਗੇ, ਪਹਿਲਾਂ ਸਾਡੀ ਜ਼ਿੰਮੇਵਾਰੀ ਉਸ ਬੱਚੇ ਲਈ ਹੈ, ਜੋ ਸ਼ਹੀਦ ਹੋ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਸਰਕਾਰ ਨੂੰ ਲਲਕਾਰਦਿਆਂ ਕਿਹਾ ਕਿ ਜਾਂ ਤਾਂ ਸੁਧਾਰ ਕਰੇ, ਨਹੀਂ ਤਾਂ ਅਸੀਂ ਦਿੱਲੀ ਵੀ ਆ ਸਕਦੇ ਹਾਂ। ਉਨ੍ਹਾਂ ਨੇ ਹਰਿਆਣਾ ਦੀ ਸ਼ੰਭੂ ਸਰਹੱਦ ਦੀ ਤੁਲਨਾ ਪਾਕਿਸਤਾਨ ਦੀ ਸਰਹੱਦ ਨਾਲ ਕੀਤੀ। ਮੇਰਠ ਕਲੈਕਟਰੇਟ ਦਾ ਘਿਰਾਓ ਕਰਨ ਲਈ ਲਾਵ-ਲਸ਼ਕਰ ਦੇ ਨਾਲ ਆਏ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਸ਼ੰਭੂ ਬਾਰਡਰ 'ਤੇ ਨਾਕੇ ਲਗਾ ਕੇ ਸਥਿਤੀ ਅਜਿਹੀ ਬਣਾ ਦਿੱਤੀ ਗਈ ਹੈ।

ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ ‘ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ ‘ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।





# ਕਿਸਾਨ ਅੰਦੋਲਨ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਹਿ)ਦੇ ਮੁੱਖ ਸੇਵਾਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਆਪਣੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਪਰਗਟ ਸਿੰਘ ਮਖੂ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਹਿ)ਤੇ ਜਨਰਲ ਸਕੱਤਰ ਪਾਰਟੀ,ਕਸ਼ਮੀਰ ਸਿੰਘ ਨਵਾਦਾ ਜਨਰਲ ਸਕੱਤਰ,ਹਰਜੀਤ ਸਿੰਘ ਨਿਆਮੀ ਵਾਲਾ ਸੀਨੀਅਰ ਮੀਤ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ, ਭੋਲਾ ਸਿੰਘ ਖਜਾਨਚੀ ਕਿਸਾਨ ਯੂਨੀਅਨ ਅੰਮ੍ਰਿਤਸਰ, ਬਲਵੀਰ ਸਿੰਘ ਲੋਹਗੜ ਸੀਨੀਅਰ ਮੀਤ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ,ਲਖੀਰ ਲਖਵਿੰਦਰ ਸਿੰਘ ਘਰਿਆਲਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਹਿ) ਜਿਲਾ ਤਰਨ ਤਾਰਨ ਸਾਹਿਬ ਅਤੇ ਮੈਂਬਰ ਵਰਕਿੰਗ ਕਮੇਟੀ ਨੂੰ ਨਾਲ ਲੈ ਕੇ ਸਰਦਾਰ ਗੁਰਜੀਤ ਸਿੰਘ ਨਿਜਾਮੀ ਵਾਲਾ ਦੇ ਗ੍ਰਹਿ ਵਿਖੇ ਨਿਯਾਮੀਵਾਲਾ ਪਹੁੰਚੇ । ਯਾਦ ਰਹੇ ਕਿ ਪਿਛਲੇ ਦਿਨੀ 13 ਫਰਵਰੀ 2024 ਨੂੰ ਕਿਸਾਨ ਜਥੇਬੰਦੀਆਂ ਦੇ ਸੱਦੇ ਤੇ ਡਾਕਟਰ ਸੁਆਮੀਨਾਥਨ ਕਮਿਸ਼ਨ ਨੂੰ ਲਾਗੂ ਕਰਵਾ ਕੇ ਐਮਐਸਪੀ ਦੀ ਗਰੰਟੀ ਲੈਣ ਲਈ ਦਿੱਲੀ ਨੂੰ ਜਮਹੂਰੀ ਢੰਗ ਨਾਲ ਲਾਗੂ ਕਰਾਉਣ ਲਈ ਜਾ ਰਹੇ ਸਨ ਤਾਂ ਸ਼ੰਭੂ ਬਾਰਡਰ ਤੇ ਹਰਿਆਣਾ ਦੀ ਬੀਜੇਪੀ ਖੱਟੜ ਸਰਕਾਰ ਜੋ ਨਰਿੰਦਰ ਮੋਦੀ ਦੀ ਸੈਂਟਰ ਸਰਕਾਰ ਦੇ ਅਸਾਰੇ ਤੇ ਚੱਲ ਰਹੀ ਹੈ ਉਸ ਨੇ ਗੈਰਕਾਨੂੰਨੀ ਢੰਗ ਨਾਲ ਅੰਨੇਵਾਹ ਗੋਲੀਆਂ ਚਲਾ ਕੇ ਸਰਦਾਰ ਗੁਰਜੀਤ ਸਿੰਘ ਨਿਆਮੀ ਵਾਲਿਆਂ ਨੂੰ ਗੋਲੀਆਂ ਮਾਰ ਕੇ ਫੱਟੜ ਕਰ ਦਿੱਤਾ ਤੇ ਬਾਅਦ ਵਿੱਚ ਕੁੱਟਮਾਰ ਕਰਕੇ ਕਾਫੀ ਜਿਆਦਾ ਜਬਰ ਕੀਤਾ ਤੇ ਉਹ ਆਪਣੀ ਜਾਨ ਨੂੰ ਬਚਾਉਂਦੇ ਹੋਏ ਘੱਗਰ ਦੇ ਪੁੱਲ ਤੋਂ ਛਾਲ ਮਾਰ ਕੇ ਆਪਣੀ ਇੱਕ ਲੱਤ ਦਾ ਗਿੱਟਾ ਵੀ ਤੜਵਾ ਲਿਆ ਤੇ ਉਹਨਾਂ ਦੇ ਨਾਲ ਦੋ ਸਾਥੀਆਂ ਨੂੰ ਵੀ ਗੋਲੀਆਂ ਮਾਰ ਕੇ ਫੱਟੜ ਕਰ ਦਿੱਤਾ ਸੀ ਜੋ ਥਾਂ ਤੇ ਹੀ ਢਹਿ ਢੇਰੀ ਹੋ ਗਏ ਸਨ ਪਤਾ ਨਹੀਂ ਲੱਗ ਸਕਿਆ ਕਿ ਉਹਨਾਂ ਦੀ ਹਾਲਤ ਕੀ ਹੈ ?ਨਾਲ ਦੇ ਸਾਥੀ ਪੁਲਿਸ ਦੇ ਜਬਰ ਨੂੰ ਦੇਖ ਕੇ ਇਹਨਾਂ ਤਿੰਨਾਂ ਨੂੰ ਛੱਡ ਕੇ ਭੱਜ ਗਏ ਸਨ ਤੇ ਉਸੇ ਸੰਘਰਸ਼ ਦੇ ਵਿੱਚ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਜਨਰਲ ਸਕੱਤਰ ਬਲਬੀਰ ਸਿੰਘ ਲੋਹਗੜ ਤੇ ਵੀ ਕਾਫੀ ਜਬਰ ਹੋਇਆ। ਉਸ ਵਕਤ ਫੱਟੜ ਪਾਏ ਗੁਰਜੀਤ ਸਿੰਘ ਨੂੰ ਸਰਦਾਰ ਬਲਵੀਰ ਸਿੰਘ ਲੋਹਗੜ ਹੀ ਚੁੱਕ ਕੇ ਲਿਆਇਆ ।ਸੋ ਇਸ ਜਬਰ ਨੂੰ ਕਿਸਾਨ ਜਥੇਬੰਦੀਆਂ ਕਦੇ ਵੀ ਸਹਿਨ ਨਹੀਂ ਕਰਨਗੀਆਂ । ਕਿਸਾਨਾਂ ਤੇ ਜ਼ੁਲਮ ਦੀ ਗੱਲ ਇਥੇ ਹੀ ਬਸ ਨਹੀਂ ਪਰ ਖੱਟੜ ਸਰਕਾਰ ਨੇ ਅੱਥਰੂ ਗੈਸ ਛੱਡ ਕੇ ਡਰੋਨਾ ਰਾਹੀਂ ਨਿਸ਼ਾਨਦੇਹੀ ਕਰਕੇ ਉਹਨਾਂ ਤੇ ਗੋਲੀਆਂ ਚਲਾਉਣੀਆਂ ਤੇ ਵੱਖ-ਵੱਖ ਤਰੀਕਿਆਂ ਦੇ ਨਾਲ ਵੱਡੇ ਵੱਡੇ ਧਮਾਕੇ ਕਰਕੇ ਨੌਜਵਾਨਾਂ ਦੇ ਦਿਮਾਗਾਂ ਨੂੰ ਬੇਸੰਤੁਲਨ ਕਰਨਾ ਜੋ ਨਾ ਸਹਿਣ ਯੋਗ ਹੈ। ਕਾਹਨ ਸਿੰਘ ਵਾਲਾ ਨੇ ਕਿਹਾ ਜਦੋਂ ਕਿਸਾਨਾਂ ਨੇ ਹਰਿਆਣੇ ਦੇ ਵਿੱਚ ਐਜੀਟੇਸ਼ਨ ਨਹੀਂ ਕਰਨੀ ਸੀ ਤੇ ਨਾ ਹੀ ਉਥੇ ਧਰਨਾ ਲਾਉਣਾ ਸੀ ਤੇ ਨਾ ਹੀ ਹਰਿਆਣਾ ਦੀ ਸਰਕਾਰ ਨੂੰ ਤੰਗ ਪਰੇਸ਼ਾਨ ਕਰਨ ਦਾ ਕੋਈ ਪ੍ਰੋਗਰਾਮ ਸੀ ਕਿਉਂਕਿ ਹਰਿਆਣਾ ਸਰਕਾਰ ਨੇ ਕਿਹੜਾ ਕਿਸਾਨਾਂ ਦਾ ਕੋਈ ਮਸਲਾ ਹੱਲ ਕਰ ਸਕਦੀ ਹੈ ।ਇਹ ਤਾਂ ਸਿਰਫ ਹਰਿਆਣਾ ਇੱਕ ਦਿੱਲੀ ਜਾਣ ਨੂੰ ਰਸਤਾ ਸੀ। ਰਸਤੇ ਦੇ ਵਿੱਚ ਜਾਂਦਿਆਂ ਨੂੰ ਰੋਕਣਾ ਇਹ ਤਾਂ ਉਦੋਂ ਵੀ ਭਿਆਨਕ ਕਾਰਵਾਈ ਹੈ ਜਦੋਂ ਕਿਸਾਨਾਂ ਨੇ ਜਾਣਾ ਹੀ ਦਿੱਲੀ ਸੀ ਤਾਂ ਹਰਿਆਣਾ ਦੀ ਬੀਜੇਪੀ ਆਰਐਸ ਵਾਲੀ ਖੱਟੜ ਸਰਕਾਰ ਨੇ ਕਿਸਾਨਾਂ ਨੂੰ ਕਿਉਂ ਰੋਕਿਆ ਤੇ ਕਿਉਂ ਗੋਲੀਆਂ ਚਲਾਈਆਂ ਜਦੋਂ ਕਿ ਕਿਸਾਨ ਸ਼ਾਂਤਮਈ ਹੀ ਜਮੂਹਰੀ ਢੰਗ ਨਾਲ ਸੰਵਿਧਾਨ ਦੀ ਧਾਰਾ 14 19 21 ਦੇ ਮੁਤਾਬਕ ਆਪਣਾ ਹੱਕ ਲੈਣ ਲਈ ਸਾਰੀਆਂ ਕਿਸਾਨ ਜਥੇਬੰਦੀਆਂ ਇੰਡੀਆ ਦੇ ਕਿਸਾਨਾਂ ਦੀ ਤਰਜਮਾਨੀ ਕਰਦੇ ਹੋਏ ਜਾ ਰਹੇ ਸਨ ਕਿਉਂਕਿ ਇਹ ਮਸਲਾ ਇਕੱਲੇ ਪੰਜਾਬ ਦਾ ਨਹੀਂ ਹੈ ਜਦ ਕਿ ਕਣਕ ਝੋਨੇ ਉੱਪਰ ਹਰਿਆਣਾ ਤੇ ਪੰਜਾਬ ਦੇ ਕਿਸਾਨ ਨੂੰ ਐਮਐਸਪੀ ਮਿਲ ਰਹੀ ਹੈ ਪਰ ਦੂਜੀਆਂ ਸਟੇਟਾਂ ਵਿੱਚ ਤਾਂ ਕਣਕ,ਝੋਨੇ ਤੇ ਵੀ ਐਮਐਸਪੀ ਨਹੀਂ ਮਿਲ ਰਹੀ ਤੇ ਨਾ ਹੀ ਕੋਈ ਮੰਡੀਕਰਨ ਦਾ ਪ੍ਰਬੰਧ ਹੈ ਸੋ ਇਹ ਲੜਾਈ ਸਾਰੇ ਇੰਡੀਆ ਦੀ ਪੰਜਾਬ ਤੇ ਹਰਿਆਣੇ ਦੇ ਕਿਸਾਨ ਵੱਡੇ-ਛੋਟੇ ਭਰਾਵਾਂ ਦੀ ਤਰ੍ਹਾਂ ਲੜਾਈ ਲੜ ਰਹੇ ਹਨ ।ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਜੋ ਬਣ ਕੇ18 ਨਵੰਬਰ 2004 ਦੇ ਵਿੱਚ ਤਿਆਰ ਹੋ ਚੁੱਕੀ ਹੈ ।ਉਸ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ ਕਿਉਂਕਿ ਕਿਸਾਨਾਂ ਨੇ 1988 ਵਿੱਚ ਇੱਕ ਐਮਐਸਪੀ ਨੂੰ ਤੈਅ ਕਰਨ ਲਈ ਇੱਕ ਕਿਸਾਨੀ ਐਜੀਟੇਸ਼ਨ ਆਰੰਭ ਕੀਤੀ ਸੀ ਤੇ ਮੰਗ ਕੀਤੀ ਸੀ ਕਿ ਸਾਨੂੰ 1963 ਦੇ ਸੂਚਕ ਅੰਕਟ ਨਾਲ ਜੋੜਿਆ ਜਾਵੇ ਪਰ ਕਾਫੀ ਜਦੋਜਹਿਦ ਕਰਨ ਦੇ ਬਾਅਦ ਫੇਰ ਇੱਕ ਇੰਡੀਅਨ ਸਟੇਟ ਦੀ ਇੱਕ ਮੀਟਿੰਗ ਕਿਸਾਨੀ ਨੂੰ ਪ੍ਰਫੁੱਲਤ ਕਰਨ ਦੇ ਲਈ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਬਣਾਈ ਗਈ ਕਮੇਟੀ ਵਿੱਚ ਉਸ ਵਿੱਚ ਤੈਅ ਹੋ ਗਿਆ ਕਿ ਐਮਐਸਪੀ ਕਿਸਾਨਾਂ ਨੂੰ 1965 ਦੇ ਸੂਚਕਅੰਕ ਨਾਲ ਜੋੜ ਕੇ ਦੇਣ ਦੀ ਸੰਧੀ ਹੋ ਗਈ ਤੇ ਐਮਐਸਪੀ 23 ਫਸਲਾਂ ਤੇ ਲਾਗੂ ਕਰ ਦਿੱਤੀ ਗਈ ।ਕਿਸਾਨਾਂ ਦੀ ਇਹ ਮੰਗ ਸੀ ਕਿ ਜਿਹੜਾ 1963 ਦੇ ਵਿੱਚ ਟਰੈਕਟਰ ਦਾ ਮੁੱਲ ਸੀ। ਕਲਟੀਵੇਟਰ ਦਾ ਮੁੱਲ ਸੀ ਸਪਰੇ ਪੰਪ ਦਾ ਮੁੱਲ ਸੀ ਜਮੀਨ ਦਾ ਮੁੱਲ ਸੀ ਖਾਦ ਦਾ ਮੁੱਲ ਸੀ ਕੀੜੇ ਮਰ ਦਵਾਈਆਂ ਦਾ ਮੁੱਲ ਸੀ ਉਸੇ ਤਰਜ ਤੇ ਹੀ ਕਿਸਾਨੀ ਜਿਨਸਾਂ ਦੇ ਜੋ ਭਾ ਸਨ ਜਿੰਨੇ ਪਰਸੈਂਟੇਜ ਨਾਲ ਮਸ਼ੀਨਾਂ ਟਰੈਕਟਰਾਂ ਤੇ ਖੇਤੀ ਨਾਲ ਸੰਬੰਧਿਤ ਖਾਣ ਪੀਣ ਦੀਆਂ ਵਸਤਾਂ ਦੇ ਮੁੱਲ ਵਧੇ ਹਨ ਉਸੇ ਤਰਜ ਤੇ ਹੀ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਜੋ ਖੇਤਾਂ ਵਿੱਚ ਪੈਦਾ ਹੁੰਦੀਆਂ ਹਨ ਉਹਨਾਂ ਦੇ ਭਾਅ ਜਿੱਥੇ ਜਾਣ ਪਰ ਇਹ ਐਜੀਟੇਸ਼ਨ ਦੀ ਸਹਿਮਤੀ ਇਹ ਹੋ ਗਈ ਕਿ 1965 ਦੇ ਸੂਚਕ ਅੰਕ ਨਾਲ ਜੋੜ ਕੇ ਐਸਪੀ ਸ਼ੁਰੂ ਕਰ ਦਿੱਤੀ ਗਈ ਪਰ 1988 ਤੋਂ ਲੈ ਕੇ ਅੱਜ ਤੱਕ ਐਮਐਸਪੀ ਤਾਂ ਲਾਗੂ ਹੋ ਗਈ ਤੇ ਉਹ ਰੇਟ ਵੀ ਤੈ ਹੋ ਗਏ ਪਰ ਉਸ ਦੀ ਗਰੰਟੀ ਨਹੀਂ ਦਿੱਤੀ ਗਈ ਜੇਕਰ ਇੰਡੀਅਨ ਸਟੇਟ ਨੇ ਐਮਐਸਪੀ ਤੈਅ ਕਰਨ ਦੇ ਬਾਵਜੂਦ ਰੇਟਾਂ ਨੂੰ ਸਰਕਾਰੀ ਤੌਰ ਤੇ ਐਲਾਨ ਕਰਨ ਦੇ ਬਾਵਜੂਦ ਏ ਐਮਐਸਪੀ ਨੂੰ ਇਨ ਬਿਨ ਲਾਗੂ ਕਰਕੇ ਕਿਸਾਨਾਂ ਦੀਆਂ ਫਸਲਾਂ ਦੇ ਬਾਜ ਭਾਰ ਨਹੀਂ ਦੇਣੇ ਦੇਣੇ ਤਾਂ ਉਹਨਾਂ ਦੀਆਂ ਫਸਲਾਂ ਮੰਡੀਆਂ ਵਿੱਚ ਰੋਲ ਲਈ ਛੱਡ ਦੇਣੀਆਂ ਹਨ ਤੇ ਵਪਾਰੀਆਂ ਦੇ ਵਾਸਤੇ ਲੁੱਟ ਲਈ ਕਿਸਾਨਾਂ ਦੀਆਂ ਫਸਲਾਂ ਨੂੰ ਮੰਡੀਆਂ ਵਿੱਚ ਰੋਲ ਦੇਣਾ ਹੈ ਤਾਂ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਵਿਖਾਉਣ ਨੂੰ ਹੋਰ ਵਾਲੀ ਕਹਾਵਤ ਨੂੰ ਢੁਕਦਾ ਕਰਦਿਆਂ ਫਿਰ ਕਿਸਾਨ ਨੂੰ ਗੁਮਰਾਹ ਕਰਨ ਦੀ ਕੀ ਲੋੜ ਹੈ ਸੋ ਭਗਵੰਤ ਮਾਨ ਸਰਕਾਰ ਜੋ ਕਹਿ ਰਹੀ ਹੈ ਕਿ ਮੈਂ ਕਿਸਾਨਾਂ ਦੀ ਹਮੈਤੀ ਹਾਂ ਪਰ ਉਸ ਨੂੰ ਚਾਹੀਦਾ ਹੈ ਜੇਕਰ ਹਰਿਆਣਾ ਦੀ ਖੱਟੜ ਸਰਕਾਰ ਗੈਰ ਕਾਨੂੰਨੀ ਢੰਗ ਨਾਲ ਗੋਲੀਆਂ ਮਾਰ ਕੇ ਡਰੋਨ ਛੱਡ ਕੇ ਅੱਥਰੂ ਗੈਸ ਛੱਡ ਕੇ ਵੱਡੇ ਵੱਡੇ ਧਮਾਕੇ ਕਰਕੇ ਕਾਨੂੰਨ ਨੂੰ ਹੱਥ ਵਿੱਚ ਲੈ ਕੇ ਪੰਜਾਬ ਦੇਸ਼ ਦੀ ਧਰਤੀ ਤੇ ਇਹ ਜਬਰ ਕਰ ਰਹੀ ਹੈ ਤਾਂ ਉਹ ਸਦਾ ਜਵਾਬੀ ਕਾਰਵਾਈ ਸਰਕਾਰ ਦੀਆਂ ਫੋਰਸਾਂ ਦੀ ਬਣਦੀ ਹੈ ਜੇਕਰ ਭਗਵੰਤ ਮਾਨ ਦੀ ਸਰਕਾਰ ਨੇ ਮੋਦੀ ਦੇ ਇਸ਼ਾਰੇ ਤੇ ਚੋਰ ਮੋਰੀ ਰਾਹੀਂ ਸੈਂਟਰ ਦੀ ਸਹਿਮਤੀ ਨਾਲ ਖੱਟਰ ਸਰਕਾਰ ਦੀ ਮਦਦ ਕਰਨੀ ਹੈ ਤੇ ਜਵਾਬ ਦੇਣ ਨੂੰ ਗੈਰ ਕਾਨੂੰਨੀ ਕਾਰਵਾਈ ਕਹਿਣਾ ਹੈ ਤਾਂ ਫਿਰ ਕਾਨੂੰਨ ਦੇ ਮੁਤਾਬਕ ਉਹਨਾਂ ਉੱਤੇ 307 148 52 ਆਦਿ ਧਰਾਵਾਂ ਲਾ ਕੇ ਇਰਾਦਾ ਕਤਲ ਦਾ ਚੀਫ ਮਨਿਸਟਰ ਹੋਮ ਮਿਨਿਸਟਰ ਡੀਜੀਪੀ ਤੇ ਜਿੰਨੇ ਵੀ ਸ਼ੰਭੂ ਤੇ ਟਿੱਕਰੀ ਬਾਰਡਰ ਤੇ ਜਬਰ ਕਰਨ ਵਾਲੀਆਂ ਪੁਲਿਸ ਫੋਰਸ ਹਨ ਉਹਨਾਂ ਤੇ ਕਾਨੂੰਨ ਮੁਤਾਬਕ ਪਰਚਾ ਦਰਜ ਕਰਨਾ ਚਾਹੀਦਾ ਹੈ ਹੈ ਕਿਉਂਕਿ ਕਾਨੂੰਨ ਸਾਰਿਆਂ ਲਈ ਇੱਕ ਹੈ ਭਾਵਾਂ ਉਹ ਕਿੱਡੇ ਵੀ ਉਹਦੇ ਤੇ ਕਿਉਂ ਨਾ ਬੈਠਾ ਹੋਵੇ ਇਸ ਲਈ ਭਗਵੰਤ ਮਾਨ ਸਰਕਾਰ ਤੁਰੰਤ ਉਹਨਾਂ ਤੇ ਪਰਜਾ ਦਰਜ ਕਰੇ ਦੂਜੇ ਪਾਸੇ ਕਾਨ ਸਿੰਘ ਵਾਲਿਆਂ ਨੇ ਕਿਹਾ ਕਿ ਗੁਰਜੀਤ ਸਿੰਘ ਨਜਾਮੀ ਵਾਲਾ ਖੱਟਰ ਸਰਕਾਰ ਨੇ ਮਾਰ ਦੇਣ ਦੀ ਨੀਤ ਨਾਲ ਫੱਟੜ ਕਰ ਦਿੱਤਾ ਹੈ ਉਸ ਦਾ ਹਾਲ ਚਾਲ ਪੁੱਛਣ ਲਈ ਫਿਰੋਜਪੁਰ ਜਿਲੇ ਦਾ ਕੋਈ ਵੀ ਪ੍ਰਸ਼ਾਸਨ ਅਧਿਕਾਰੀ ਨਹੀਂ ਆਇਆ ਜੋ ਕਿ ਉਹਨਾਂ ਦੀ ਡਿਊਟੀ ਬਣਦੀ ਹੈ ਤੇ ਨਾ ਹੀ ਕੋਈ ਡਾਕਟਰ ਇਲਾਜ ਲਈ ਆਇਆ ਅਤੇ ਨਾ ਹੀ ਕੋਈ ਸਹੂਲਤ ਦਿੱਤੀ ਹੈ ਸੋ ਉਹਨਾਂ ਨੂੰ ਸਰਕਾਰੀ ਤੌਰ ਤੇ ਇਲਾਜ ਦੀ ਸਹੂਲਤ ਦੇਣੀ ਚਾਹੀਦੀ ਹੈ ਫਟੜ ਹੋਣ ਤੇ ਸਰਕਾਰ ਨੂੰ 2 ਲੱਖ ਰੁਪਆ ਦੀ ਗਰਾਂਟ ਗੁਰਜੀਤ ਸਿੰਘ ਨਿਜਾਮੀਵਾਲ ਦੇ ਪਰਿਵਾਰ ਨੂੰ ਦੇਣੀ ਚਾਹੀਦੀ ਹੈ ਤਾਂ ਜੋ ਉਹ ਫੱਟੜ ਹੋਣ ਦੀ ਸੂਰਤ ਵਿੱਚ ਆਪਣੇ ਪਰਿਵਾਰ ਨੂੰ ਪਾਲ ਸਕਣ ਤੇ ਨਾਲ ਦੀ ਨਾਲ ਕਾਮ ਸਿੰਘ ਵਾਲੇ ਨੇ ਵੀ ਕਿਹਾ ਕਿਸਾਨ ਜਥੇਬੰਦੀਆਂ ਨੂੰ ਡਾਕਟਰ ਸਵਾਮੀਨਾਥਨ ਨੂੰ ਇਨ ਮੈਨੂੰ ਲਾਗੂ ਕਰਾ ਕੇ ਡਾਕਟਰ ਸੁਆਮੀ ਨਾਤਕ ਮਿਸ਼ਨ ਦੇ ਆਧਾਰ ਤੇ ਐਮਐਸਪੀ ਦੀ ਗਰੰਟੀ ਲੈਣੀ ਚਾਹੀਦੀ ਹੈ ਤੇ ਨਾਲ ਨਾਲ ਹੀ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਮੰਗ ਕਰਨੀ ਚਾਹੀਦੀ ਹੈ ਸੈਂਟਰ ਸਰਕਾਰ ਦੀ ਮਿਲੀ ਭੁਗਤ ਨਾਲ ਦੀਪ ਸਿੱਧੂ ਸਿੱਧੂ ਸਿੱਧੂ ਸਿੱਧੂ ਸਿੱਧੂ ਸਿੱਧੂ ਸਿੱਧੂ ਸਿੱਧੂ ਸਿੱਧੂ ਮੂਸੇਵਾਲਾ ਅਤੇ ਨੰਗਲੰਬੀਆ ਨੂੰ ਕਿਉਂ ਸ਼ਹੀਦ ਕੀਤਾ ਗਿਆ ਹੈ ਤੇ ਇਸ ਦਾ ਕਾਰਨ ਕੀ ਹੈ ਕਿਹੜੇ ਕਿਹੜੇ ਬੰਦਿਆਂ ਨੇ ਇਹ ਸਾਜ ਰਖ ਕੇ ਨੌਜਵਾਨਾਂ ਨੂੰ ਇੱਕ ਨੀਤੀ ਦੇ ਤਹਿਤ ਸ਼ਹੀਦ ਕਰਵਾਇਆ ਹੈ ਉਸ ਦਾ ਪਰਦਾਫਾਸ਼ ਕਰਨ ਦੀ ਵੀ ਰਿਪੋਰਟ ਮੰਗਣੀ ਚਾਹੀਦੀ ਹੈ ਤੇ ਦੋਸ਼ੀਆਂ ਤੇ ਕਾਰਵਾਈ ਕਰਨ ਦੀ ਮੰਗ ਕਰਨੀ ਚਾਹੀਦੀ ਹੈ ਉਸ ਤੋਂ ਇਲਾਵਾ ਭਾਈ ਅੰਮ੍ਰਿਤਪਾਲ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਐਨਐਸਏ ਲਾ ਕੇ ਡਗਰੂ ਦੀ ਜੇਲ ਵਿੱਚ ਜੋ ਬੰਦ ਕੀਤਾ ਗਿਆ ਹੈ ਉਹ ਵੀ ਕੇਸ ਵਾਪਸ ਕਰਾਉਣ ਦੀ ਮੰਗ ਨਾ ਰੱਖਣੀ ਚਾਹੀਦੀ ਹੈ ਤੇ ਕਿਸਾਨਾਂ ਦੀ ਮਜ਼ਦੂਰਾਂ ਦੀ ਤੇ ਛੋਟੇ ਵਪਾਰੀਆਂ ਦੀ ਕਰਜਾ ਮੁਕਤੀ ਦੀ ਵੀ ਮੰਗ ਨੂੰ ਨਾਲ ਜੋੜਨਾ ਚਾਹੀਦਾ ਹੈ ਕਿਉਂਕਿ ਜੇਕਰ ਅਸੀਂ ਇਹ ਮੰਗਾਂ ਹੁਣ ਨਾਲ ਨਾਲ ਜੋੜੀਆਂ ਤਾਂ ਜਿਸ ਤਰੀਕੇ ਆਪਾਂ ਨੂੰ ਦੂਜੀ ਵਾਰ ਦਿੱਲੀ ਆਉਣਾ ਪਿਆ ਹੈ ਡਾਕਟਰ ਸੁਆਮੀਨਾਥਨ ਕਮਿਸ਼ਨ ਦੇ ਮੁਤਾਬਕ ਐਮਐਸਪੀ ਦੀ ਗਰੰਟੀ ਲੈਣ ਲਈ ਤਾਂ ਫਿਰ ਸਾਨੂੰ ਤੀਜੀ ਵਾਰ ਫਿਰ ਆਉਣਾ ਪਵੇਗਾ ਇਸ ਲਈ ਵਾਰੀ ਵਾਰੀ ਆਉਣ ਨਾਲ ਐਜੀਟੇਸ਼ਨਾਂ ਦਾ ਵਿਕਾਰ ਘੱਟ ਜਾਂਦਾ ਹੈ ਤੇ ਸੰਗਤਾਂ ਵਿੱਚ ਲੜਨ ਦੀ ਸ਼ਕਤੀ ਘਟ ਸਕਦੀ ਹੈ ਸੋ ਜਮੂਰੀ ਢੰਗ ਨਾਲ ਸੈਂਟਰ ਨਾਲ ਜਿਹੜੀਆਂ ਮੰਗਾਂ ਜੁੜਦੀਆਂ ਹਨ ਉਹਨਾਂ ਨੂੰ ਵੀ ਨਾਲ ਜੋੜਨਾ ਚਾਹੀਦਾ ਹੈ ਕਿਉਂਕਿ ਪੰਜਾਬ ਦੇ ਵਿੱਚ ਜਿੰਨੇ ਵੀ ਲੋਕ ਸਾਰੇ ਭਾਈਚਾਰਿਆਂ ਦੇ ਵੱਸਦੇ ਹਨ ਉਹਨਾਂ ਦੇ ਨਾਲ ਜੋ ਵੀ ਸੈਂਟਰ ਦੀਆਂ ਸੰਬੰਧਿਤ ਮੰਗਾਂ ਹਨ ਉਹਨਾਂ ਨੂੰ ਨਾਲ ਜੋੜ ਕੇ ਸਮੁੱਚੇ ਪੰਜਾਬ ਦਾ ਸੰਘਰਸ਼ ਬਣਾ ਕੇ ਆਪਣਾ ਫਰਜ਼ ਸਮਝ ਕੇ ਲੜਨਾ ਚਾਹੀਦਾ ਹੈ ਤੇ ਮੀਰੀ ਪੀਰੀ ਦੇ ਸਿਧਾਂਤ ਦੇ ਮੁਤਾਬਿਕ ਇਸ ਨੂੰ ਬਿਨਾਂ ਕਿਸਾਨਾਂ ਤੇ ਕੌਮ ਦਾ ਨੁਕਸਾਨ ਕਰਾਇਆ ਪ੍ਰਾਪਤੀ ਕਰਨੀ ਚਾਹੀਦੀ ਹੈ ਤੇ ਮੋਦੀ ਸਰਕਾਰ ਨੂੰ ਵੀ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਰਾਜ ਭਾਗਤਾ ਆਉਂਦੇ ਜਾਂਦੇ ਰਹਿੰਦੇ ਹਨ ਦੇਖਦੇ ਆਂ ਦੇਖਦਿਆਂ ਜਬਰ ਦੇ ਕਾਰਨ ਅਲੋਪ ਹੋ ਗਈਆਂ ਹਨ ਤੇ ਇਸੇ ਤਰ੍ਹਾਂ ਜੇਕਰ ਮੋਦੀ ਸਰਕਾਰ ਨੇ ਆਪਣੀ ਬਾਦਸ਼ਾਹੀ ਦੇ ਨਸ਼ੇ ਵਿੱਚ ਭਾਰਤੀ ਹਕੂਮਤ ਨੇ ਕਿਸਾਨਾਂ ਤੇ ਪੰਜਾਬ ਦੀਆਂ ਹਾਕੀ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਇਹ ਸਰਕਾਰ ਵੀ ਇੱਕ ਦਿਨ ਦੂਜੀਆਂ ਬਾਦਸ਼ਾਹੀਆਂ ਦੀ ਤਰ੍ਹਾਂ ਅਲੋਪ ਹੋ ਜਾਵੇਗੀ ਤੇ ਫਿਰ ਇਹਨਾਂ ਨੂੰ ਕੀਤੇ ਹੋਏ ਜਬਰਾਂ ਦਾ ਹਿਸਾਬ ਕਿਤਾਬ ਦੇਣਾ ਪੈਣਾ ਹੈ ਸੋ ਅਸੀਂ ਸ਼ਾਂਤੀ ਚਾਹੁੰਦੇ ਹਾਂ ਤੇ ਇਹ ਮਸਲੇ ਨੂੰ ਤੁਰੰਤ ਹੱਲ ਕਰਨਾ ਚਾਹੀਦਾ ਤੇ ਉਹਨਾਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਕਿਹਾ ਆਪਣੇ ਬਾਜ਼ਾਰ ਭਾਵਾਂ ਵੱਖਰੇ ਵੱਖਰੇ ਹਨ ਭਾਵਾਂ ਜਥੇਬੰਦੀਆਂ ਵੱਖਰੀਆਂ ਵੱਖਰੀਆਂ ਹਨ ਜਦ ਕਿ ਸਾਡੇ ਮਸਲੇ ਸਾਰੇ ਸਾਂਝੇ ਹਨ ਪੰਜਾਬ ਦਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ ਕਿਸਾਨਾਂ ਬਿਨਾਂ ਵਪਾਰੀ ਮਜ਼ਦੂਰ ਦੁਕਾਨਦਾਰ ਤੇ ਟਰਾਂਸਪੋਰਟ ਬਿਲਕੁਲ ਵੱਖਰੇ ਤੌਰ ਤੇ ਨਹੀਂ ਚੱਲ ਸਕਦਾ ਤੇ ਨਾ ਹੀ ਕਿਸਾਨ ਇਹਨਾਂ ਤੋਂ ਵੱਖਰਾ ਹੋ ਸਕਦਾ ਹੈ ਸੋ ਸਾਨੂੰ ਸਾਰਿਆਂ ਨੂੰ ਮਿਲ ਕੇ ਲੜਾਈ ਲੜਨੀ ਚਾਹੀਦੀ ਹੈ ਮੈਂ ਇਹ ਵੀ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸੰਯੁਕਤ ਮੋਰਚਾ ਜਿਸ ਨੇ ਤਿੰਨ ਕਾਲੇ ਕਾਨੂੰਨ ਜੋ ਖੇਤੀ ਵਿਰੋਧੀ ਸਨ ਉਹ ਅੱਗੇ ਹੋ ਕੇ ਲੜੇ ਹਨ ਤੇ ਉਹਨਾਂ ਨੇ ਹੀ ਕਮਾਂਡ ਕੀਤੀ ਹੈ ਤੇ ਇਹਨਾਂ ਦੇ ਲੀਡਰ ਉਸ ਵਕਤ ਸਾਡੇ ਸਮੇਤ ਕਿਸੇ ਨੂੰ ਵੀ ਸਟੇਜ ਤੇ ਬੋਲਣ ਨਹੀਂ ਦਿੰਦੇ ਸਨ ਤੇ ਨਾ ਹੀ ਉਹਨਾਂ ਦੀ ਰਾਏ ਲੈਂਦੇ ਸਨ ਤੇ ਉਹਨਾਂ ਨੇ ਉਸ ਵਕਤ ਮੋਦੀ ਸਰਕਾਰ ਦੀ ਤਰ੍ਹਾਂ ਡਿਕਟੇਟਰਾਂ ਵਾਲਾ ਰਵਆ ਅਪਣਾਇਆ ਹੋਇਆ ਸੀ ਜੋ ਕਿ ਸਭਿਅਕ ਨਹੀਂ ਸੀ ਅਸੀਂ ਤਾਂ ਸਾਰਿਆਂ ਨੇ ਉਹਨਾਂ ਦਾ ਹੁਕਮ ਪ੍ਰਵਾਨ ਕਰਕੇ ਨਿੰਦਾ ਸਿੰਘਾ ਕਾਰ ਸੇਵਾ ਬਾਬਿਆਂ ਸਮੇਤ ਸਾਰਿਆਂ ਨੇ ਪ੍ਰਵਾਨ ਕਰ ਲਿਆ ਪਰ ਜੇਕਰ ਉਹਨਾਂ ਦੇ ਭਰਾ ਹੁਣ ਜੋ ਉਸ ਵਕਤ ਉਹਨਾਂ ਦੇ ਸੰਯੁਕਤ ਮੋਰਚੇ ਵਿੱਚ ਭਾਈਵਾਲ ਸਨ ਤੇ ਉਹਨਾਂ ਨੇ ਵੱਖਰੇ ਤੌਰ ਤੇ ਆਪਣੇ ਆਪ ਨੂੰ ਗਹਿ ਰਾਜਨੀਤਿਕ ਮੰਨ ਲਿਆ ਹੈ ਜੋ ਕਿ ਲੰਬੇ ਸਮੇਂ ਲਈ ਠੀਕ ਸਾਬਤ ਨਹੀਂ ਹੋਵੇਗਾ ਜੇਕਰ ਉਹ ਅੱਗੇ ਲੱਗ ਗਏ ਹਨ ਤਾਂ ਫਿਰ ਦੂਜੇ ਜਥੇਬੰਦੀਆਂ ਨੂੰ ਇਹਦੇ ਵਿੱਚ ਕੀ ਇਤਰਾਜ਼ ਹੋਣਾ ਚਾਹੀਦਾ ਹੈ ਜਿਹੜਾ ਰਵਈਆ ਪਹਿਲਾਂ ਤੁਸੀਂ ਬਣਾਇਆ ਸੀ ਉਹੀ ਰਵਈਆ ਇਹਨਾਂ ਨੇ ਮੋਦੀ ਸਰਕਾਰ ਦੀ ਤਰਹਾਂ ਡਿਕਟੇਟਰਸ਼ਿਪ ਵਾਲਾ ਬਣਾਇਆ ਹੋਇਆ ਹੈ ਤਾਂ ਫਿਰ ਤੁਹਾਨੂੰ ਗੀਤ ਰਾਜ ਹੈ ਅਸੀਂ ਤਾਂ ਪਹਿਲਾਂ ਵੀ ਉਹਨਾਂ ਦੇ ਹੁਕਮ ਨੂੰ ਮੰਨਿਆ ਹੈ ਭਾਵਾਂ ਉਹਨਾਂ ਨੇ ਸਾਡੇ ਨਾਲ ਗੱਲ ਕਰਨੀ ਵਾਜਬ ਨਹੀਂ ਸਮਝੀ ਤੇ ਨਾ ਹੀ ਇਹਨਾਂ ਨੇ ਸਾਡੇ ਨਾਲ ਗੱਲ ਕਰਨੀ ਵਾਜਬ ਸਮਝੀ ਹੈ ਅਸੀਂ ਤਾਂ ਫਿਰ ਵੀ 13 ਫਰਵਰੀ ਤੋਂ ਕਿਸਾਨਾਂ ਦੀਆਂ ਜਿਨਸਾਂ ਨੂੰ ਰੁਲਣ ਤੋਂ ਬਚਾਉਣ ਲਈ ਉਸ ਮੁੱਦੇ ਦੇ ਨਾਲ ਚਟਾਣ ਵਾਂਗ ਖੜੇ ਹਾਂ ਸਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ ਬੁਲਾਉਣ ਚ ਨਾ ਬੁਲਾਉਣ ਅਸੀਂ ਤਾਂ ਲੜਾਈ ਉਸ ਵਕਤ ਵੀ ਸਾਡੀ ਕਿਸਾਨ ਯੂਨੀਅਨ ਅੰਮ੍ਰਿਤਸਰ ਨੇ ਅੱਗੇ ਹੋ ਕੇ ਲੜਾਈ ਲੜੀ ਹੈ ਤੇ ਹੁਣ ਵੀ ਲੜ ਰਹੇ ਹਨ ਅੱਗੇ ਵੀ ਸਭ ਤੋਂ ਪਹਿਲਾਂ ਸ਼ੰਭੂ ਬਾਰਡਰ ਤੋੜ ਕੇ ਦਿੱਲੀ ਨੂੰ ਕੂਚ ਕਰਕੇ ਬਰਾੜੀ ਗਰਾਊਂਡ ਵਿੱਚ ਪਹੁੰਚ ਕੇ ਤੇ ਸਭ ਤੋਂ ਪਹਿਲਾਂ ਲਾਲ ਕਿਲੇ ਉੱਤੇ ਪਹੁੰਚ ਕੇ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਸੀ ਪਰ ਅਸੀਂ ਹੁਣ ਵੀ ਅੱਗੇ ਲੱਗ ਸਕਦੇ ਸੀ ਪਰ ਜੇਕਰ ਅਸੀਂ ਅੱਗੇ ਲੱਗ ਕੇ ਬਾਰਡਰ ਨੂੰ ਤੋੜ ਦਿੰਦੇ ਕਿਉਂਕਿ ਸਾਡੀ ਨੀਤੀ ਇੱਕ ਲਹਿਦਾ ਤਰ੍ਹਾਂ ਦੀ ਹੈ ਸਾਡਾ ਬਾਰਡਰ ਟੱਪ ਕੇ ਜਾਣਾ ਦਾ ਢੰਗ ਲੈਂਦਾ ਹੈ ਸਾਡਾ ਮਿਸ਼ਨ ਇਹ ਹੁੰਦਾ ਕਿ ਅਸੀਂ ਦਿੱਲੀ ਪਹੁੰਚਣਾ ਕਿਵੇਂ ਪਹੁੰਚੀਏ ਭਾਵੇਂ ਤੁਰ ਕੇ ਪਹੁੰਚੀਏ ਬਾਰਡਰ ਤੋੜ ਕੇ ਪਹੁੰਚੀਏ ਭਾਵੇਂ ਅਸੀਂ ਗਰੀਲਾ ਢੰਗ ਨਾਲ ਪਹੁੰਚ ਗਏ ਸਾਡਾ ਮਕਸਦ ਮਿਸ਼ਨ ਤੇ ਪਹੁੰਚਣਾ ਹੁੰਦਾ ਤੇ ਗੁਰੂ ਗ੍ਰੰਥ ਸਾਹਿਬ ਸਾਨੂੰ ਪਹੁੰਚਾ ਦਿੰਦੇ ਹਨ ਇਸ ਲਈ ਅਸੀਂ ਤਾਂ ਨਹੀਂ ਅਗਵਾਈ ਕੀਤੀ ਕਿ ਫਿਰ ਇਹਨਾਂ ਗੈਰ ਨੇ ਰਾਜਨੀਤਿਕ ਕਿਸਾਨ ਜਥੇਬੰਦੀਆਂ ਨੇ ਕਹਿਣਾ ਸੀ ਕਿ ਕਿਸਾਨ ਯੂਨੀਨ ਅੰਮ੍ਰਿਤਸਰ ਨੇ ਸਾਡਾ ਮਾਹੌਲ ਖਰਾਬ ਕਰ ਦਿੱਤਾ ਤੇ ਜੇਕਰ ਇਹ ਮਾਹੌਲ ਨਾ ਖਰਾਬ ਕਰਦੇ ਤਾਂ ਕਿਸਾਨਾਂ ਨੇ ਜਿੱਤ ਜਾਣਾ ਸੀ ਕਿਉਂਕਿ ਜਦੋਂ ਤੁਸੀਂ ਬਾਰਡਰ ਟਪੋਗੇ ਫਿਰ ਥੋੜਾ ਘਣਾ ਤਾਂ ਮਾਹੌਲ ਖਰਾਬ ਹੁੰਦਾ ਹੀ ਹੈ ਜਿਸ ਤਰੀਕੇ ਖੱਟੜ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਉੱਤੇ ਗੋਲੀਆਂ ਚਲਾ ਕੇ ਉਹਨਾਂ ਨੂੰ ਫੱਟੜ ਕੀਤਾ ਤੇ ਉਹਨਾਂ ਦੇ ਜਬਰ ਕੀਤਾ ਤੇ ਮਾਹੌਲ ਨੂੰ ਖਰਾਬ ਕੀਤਾ ਪਰ ਅਸੀਂ ਕਿਸਾਨ ਜਥੇਬੰਦੀਆਂ ਨੇ ਚਟਾਨ ਵਾਂਗ ਖੜੇ ਆ ਤੇ ਖੜੇ ਰਵਾਂਗੇ ਤੇ ਜਿੰਨਾ ਚਿਰ ਉਹ ਕਹਿਣਗੇ ਉਨਾ ਚਿਰ ਬੈਠੇ ਰਵਾਂਗੇ ਪਰ ਜੇਕਰ ਉਹ ਸਾਡੀ ਰਾਇ ਲੈਣਗੇ ਤਾਂ ਰਾਇ ਦੇਵਾਂਗੇ ਜੇਕਰ ਉਹ ਸਾਨੂੰ ਕੁਝ ਨਹੀਂ ਸਮਝਣਗੇ ਤਾਂ ਅਸੀਂ ਬਿਨਾਂ ਰਾਏ ਦੇ ਉੱਤੇ ਹੀ ਆਪਣਾ ਫਰਜ ਸਮਝਦੇ ਆਪਣੀ ਅਣਖ ਨੂੰ ਤੇ ਕਿਸਾਨਾਂ ਦੇ ਮਸਲੇ ਨੂੰ ਇੱਕ ਮਸਲਾ ਸਮਝ ਕੇ ਆਖਰੀ ਦਮ ਤੱਕ ਲੜਦੇ ਰਹਾਂਗੇ।

ਆਵਾਜ਼ਿ ਕੌਮ AWAZE QAUM
International Newspaper & WEB TV

ਸਫ਼ਾ-1 ਦਾ ਬਾਕੀ





ਕੇਵਲ ਆਪਣੀ ਕੌਮ ਲਈ ਸ਼ਹਾਦਤਾਂ ਦਿੱਤੀਆਂ, ਬਲਕਿ ਦੇਸ਼ ਅਤੇ ਮਨੁੱਖਤਾ ਖਾਤਰ ਵੀ ਮੋਹਰੀ ਰੋਲ ਅਦਾ ਕੀਤਾ। ਉਨ੍ਹਾਂ ਕਿਹਾ ਕਿ ਇਹੀ ਕਾਰਨ ਸੀ ਕਿ ਹਕੂਮਤਾਂ ਨੂੰ ਸਿੱਖ ਕੌਮ ਹਮੇਸ਼ਾ ਰੜਕਦੀ ਰਹੀ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਅਤੇ ਸਿੱਖ ਸੰਸਥਾਵਾਂ ਨੂੰ ਸੱਟ ਮਾਰਨ ਦੇ ਮਨਸੂਬੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਘੜੇ ਪਰ ਉਨ੍ਹਾਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਕੌਮ ਦੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਣਾ ਬਣਦਾ ਰਿਹਾ ਹੈ ਅਤੇ ਕੌਮ ਜਬਰ ਜੁਲਮ ਦਾ ਮੁਕਾਬਲਾ ਪੂਰੀ ਦ੍ਰਿੜ੍ਹਤਾ ਨਾਲ ਕਰਦੀ ਰਹੀ ਹੈ। ਉਨ੍ਹਾਂ ਮੌਜੂਦਾ ਸਮੇਂ ਸਰਕਾਰਾਂ ਵੱਲੋਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਨੀਤੀ ਨੂੰ ਨਕਾਰਨ ਵਾਸਤੇ ਕੌਮ ਨੂੰ ਆਪਣੇ ਇਤਿਹਾਸ ਤੋਂ ਉਤਸ਼ਾਹ ਲੈਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰ ਨਹੀਂ ਚਾਹੁੰਦੀ ਕਿ ਸਿੱਖਾਂ ਦੀ ਅਵਾਜ਼ ਹੱਕ, ਸੱਚ ਲਈ ਉਠਦੀ ਰਹੇ। ਇਸ ਦੀ ਉਦਾਹਰਣ ਦਿੰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਿਸਾਨਾਂ ਦੇ ਹੱਕ ਵਿਚ ਉਠਾਈ ਅਵਾਜ਼ ਨੂੰ ਸਰਕਾਰ ਕੋਝੇ ਹੱਥਕੰਡੇ ਵਰਤ ਰਹੀ ਹੈ। ਇਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਕਿਸਾਨ ਸੰਘਰਸ਼ ਸਬੰਧੀ ਕੀਤੇ ਗਏ ਟਵੀਟ ਨੂੰ ਬੈਨ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਹਰਕਤਾਂ ਨਾਲ ਕੌਮ ਦੀ ਅਵਾਜ਼ ਬੰਦ ਨਹੀਂ ਕੀਤੀ ਜਾ ਸਕਦੀ। ਐਡਵੋਕੇਟ ਧਾਮੀ ਨੇ ਪੱਛਮੀ ਬੰਗਾਲ ਵਿਚ ਸਿੱਖ ਪੁਲਿਸ ਅਫ਼ਸਰ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਬਣਾਉਣ ਦੀ ਵੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਨੇ ਅੱਜ ਦੇ ਦਿਨ ਵਾਪਰੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ। ਸ਼ਤਾਬਦੀ ਸਮਾਗਮ ਮੌਕੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਤਿੱਖੀ ਸੁਰ ਵਿਚ ਸਿੱਖ ਕੌਮ ਦੇ ਮਸਲਿਆਂ ਅਤੇ ਹੱਕੀ ਮੰਗਾਂ ਵੱਲ ਸਰਕਾਰਾਂ ਨੂੰ ਉਚੇਚਾ ਧਿਆਨ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਦੀ ਸ਼ਕਤੀ ਗੁਰਬਾਣੀ ਦੇ ਨਾਲ-ਨਾਲ ਸਿੱਖ ਸੰਸਥਾਵਾਂ ਵੀ ਹਨ, ਪ੍ਰੰਤੂ ਸਰਕਾਰਾਂ ਵੱਲੋਂ ਇਨ੍ਹਾਂ ਨੂੰ ਨਿਸ਼ਾਨੇ ’ਤੇ ਲਿਆ ਜਾ ਰਿਹਾ ਹੈ। ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਸਿੱਖ ਚਿਹਰਿਆਂ ਦੀ ਵਰਤੋਂ ਸਰਕਾਰਾਂ ਦਾ ਇਕ ਪੈਂਤੜਾ ਹੈ, ਜਿਸ ਨੂੰ ਪਛਾਨਣ ਦੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਦਿੱਲੀ ਕਮੇਟੀ, ਹਰਿਆਣਾ ਕਮੇਟੀ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਸਰਕਾਰੀ ਏਜੰਸੀਆਂ ਦਾ ਮੰਤਵ ਸਿੱਖਾਂ ਦੇ ਗੁਰੂ ਘਰਾਂ ਦੇ ਪ੍ਰਬੰਧਾਂ ਨੂੰ ਪੰਥਕ ਹੱਥਾਂ ਵਿੱਚੋਂ ਖੋਹਣਾ ਹੈ, ਤਾਂ ਜੋ ਪੰਥਕ ਅਵਾਜ਼ ਨੂੰ ਕਮਜ਼ੋਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੂਰੀ ਕੌਮ ਚੇਤੰਨ ਹੋਵੇ ਤੇ ਆਪਣੀਆਂ ਸੰਸਥਾਵਾਂ ਦੀ ਮਜ਼ਬੂਤੀ ਲਈ ਇਕਜੁਟ ਹੋ ਕੇ ਹਰ ਸਰਕਾਰੀ ਚਾਲ ਦਾ ਮੁਕਾਬਲਾ ਕਰੇ। ਉਨ੍ਹਾਂ ਪੱਛਮੀ ਬੰਗਾਲ ਅੰਦਰ ਸਿੱਖ ਪੁਲਿਸ ਅਫ਼ਸਰ ਨੂੰ ਨਿਸ਼ਾਨੇ ’ਤੇ ਲੈਣ ਦੀ ਨਿੰਦਾ ਕਰਦਿਆਂ ਕਿਹਾ ਕਿ ਇਹੀ ਦਸਤਾਰ ਦੇਸ਼ ਲਈ ਸਰਹੱਦਾਂ ’ਤੇ ਲੜ ਰਹੀ ਹੈ ਅਤੇ ਲੋੜ ਪੈਣ ’ਤੇ ਦੇਸ਼ ਲਈ ਜਾਨ ਵਾਰਨ ਤੋਂ ਵੀ ਪਿੱਛੇ ਨਹੀਂ ਹਟਦੀ। ਉਨ੍ਹਾਂ ਸਰਕਾਰਾਂ ਨੂੰ ਸਿੱਧੇ ਤੌਰ ’ਤੇ ਕਿਹਾ ਕਿ ਸਿੱਖਾਂ ਨਾਲ ਦੇਸ਼ ਅੰਦਰ ਬੇਗਾਨਗੀ ਦਾ ਸਲੂਕ ਬੰਦ ਕੀਤਾ ਜਾਵੇ। ਇਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਜਦੋਂ ਵੀ ਜਬਰ ਜੁਲਮ ਦੀ ਹਨ੍ਹੇਰੀ ਝੁਲੀ ਤਾਂ ਸਿੱਖਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਮੁਕਾਬਲਾ ਕੀਤਾ। ਉਨ੍ਹਾਂ ਕਿਹਾ ਕਿ ਇਹ ਸਿੱਖ ਕੌਮ ਦਾ ਖਾਸਾ ਹੈ ਕਿ ਉਹ ਉਲਟ ਹਾਲਾਤਾਂ ਵਿਚ ਵੀ ਡੋਲਦੇ ਨਹੀਂ ਹਨ, ਸਗੋਂ ਆਪਣੇ ਸੱਭਿਆਚਾਰ ਅਤੇ ਇਤਿਹਾਸ ਦੀ ਸੇਧ ਵਿਚ ਅੱਗੇ ਵਧਦੇ ਹਨ। ਇਸ ਦੀਆਂ ਮਿਸਾਲਾਂ ਇਤਿਹਾਸ ਵਿਚ ਵੀ ਅਨੇਕਾਂ ਹਨ ਅਤੇ ਅੱਜ ਵੀ ਅਜਿਹਾ ਵਾਪਰ ਰਿਹਾ ਹੈ। ਇਸ ਮੌਕੇ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਤਰਨਾ ਦਲ ਵਾਲਿਆਂ ਨੇ ਵੀ ਸੰਬੋਧਨ ਕਰਦਿਆਂ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਤੋਂ ਪਹਿਲਾਂ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਦੇ ਢਾਡੀ ਜਥੇ ਅਤੇ ਭਾਈ ਜੋਗਾ ਸਿੰਘ ਭਾਗੋਵਾਲੀਆ ਦੇ ਕਵੀਸ਼ਰੀ ਜਥੇ ਨੇ ਸੰਗਤ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਭਾਈ ਸਰਬਜੀਤ ਸਿੰਘ ਲੁਧਿਆਣਾ ਵਾਲਿਆਂ ਨੇ ਕਥਾ ਵਿਚਾਰਾਂ ਸਾਂਝੀਆਂ ਕੀਤੀਆਂ। ਸਟੇਜ ਦੀ ਸੇਵਾ ਭਾਈ ਸਰਬਜੀਤ ਸਿੰਘ ਢੋਟੀਆਂ ਵੱਲੋਂ ਨਿਭਾਈ ਗਈ। ਸਮਾਗਮ ਦੌਰਾਨ ਸ. ਸੁਖਬੀਰ ਸਿੰਘ ਬਾਦਲ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸਾਂਝੇ ਤੌਰ ’ਤੇ ਜੈਤੋ ਮੋਰਚੇ ਦੇ ਇਤਿਹਾਸ ਸਬੰਧੀ ਪੁਸਤਕਾਂ ਵੀ ਜਾਰੀ ਕੀਤੀਆਂ। ਇਸ ਮੌਕੇ ਜੈਤੋ ਮੋਰਚੇ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ ਵੀ ਦਿੱਤੇ ਗਏ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਸ. ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਸ. ਸਿਕੰਦਰ ਸਿੰਘ ਮਲੂਕਾ, ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਸ. ਮਨਤਾਰ ਸਿੰਘ ਬਰਾੜ, ਸ. ਗੁਰਪ੍ਰਤਾਪ ਸਿੰਘ ਵਡਾਲਾ, ਸ. ਸੂਬਾ ਸਿੰਘ ਬਾਦਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਜੀਤ ਸਿੰਘ ਜੌਲਾਂ ਵਾਲੇ, ਬੁੱਢਾ ਦਲ ਵੱਲੋਂ ਬਾਬਾ ਸਰਣਨ ਸਿੰਘ ਮਝੈਲ, ਦਲ ਬਾਬਾ ਬਿਧੀ ਚੰਦ ਵੱਲੋਂ ਨਾਹਰ ਸਿੰਘ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਬਾਬਾ ਸੋਹਣ ਸਿੰਘ ਭੂਰੀਵਾਲੇ, ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਸ. ਰਘਬੀਰ ਸਿੰਘ ਸਹਾਰਨਮਾਜਰਾ, ਮੈਂਬਰ ਭਾਈ ਮਨਜੀਤ ਸਿੰਘ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਸ਼ੇਰ ਸਿੰਘ ਮੰਡ, ਸ. ਕੇਵਲ ਸਿੰਘ ਬਾਦਲ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਅਮਰੀਕ ਸਿੰਘ ਕੋਟਸ਼ਮੀਰ, ਬੀਬੀ ਜੋਗਿੰਦਰ ਕੌਰ, ਬੀਬੀ ਗੁਰਪ੍ਰੀਤ ਕੌਰ, ਸ. ਸਤਪਾਲ ਸਿੰਘ ਤਲਵੰਡੀਭਾਈ, ਸ. ਗੁਰਮੀਤ ਸਿੰਘ ਬੂਹ, ਸ. ਦਰਸ਼ਨ ਸਿੰਘ ਬਰਾੜ, ਸ. ਗੁਰਪਾਲ ਸਿੰਘ ਗੋਰਾ, ਸ. ਹਰਤੇਜ ਸਿੰਘ ਭੁੱਲਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਹਰਪਾਲ ਸਿੰਘ ਜੱਲ੍ਹਾ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਪਰਮਜੀਤ ਸਿੰਘ ਖਾਲਸਾ, ਸ. ਜਗਜੀਤ ਸਿੰਘ ਤਲਵੰਡੀ, ਸ. ਕੁਲਵੰਤ ਸਿੰਘ ਮੰਨਣ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਭਾਈ ਅਜਾਇਬ ਸਿੰਘ ਅਭਿਆਸੀ, ਸ. ਅਵਤਾਰ ਸਿੰਘ ਵਣਵਾਲਾ, ਸ. ਸਤਵਿੰਦਰ ਸਿੰਘ ਟੌਹੜਾ, ਸ. ਨਵਤੇਜ ਸਿੰਘ ਕਾਉਣੀ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਹਰਵਿੰਦਰ ਸਿੰਘ ਖਾਲਸਾ, ਸ. ਸੁਰਿੰਦਰ ਸਿੰਘ ਕਿਸ਼ਨਪੁਰਾ, ਸ. ਗੁਰਮਿੰਦਰ ਸਿੰਘ ਚਾਵਲਾ, ਬੀਬੀ ਚਰਨਜੀਤ ਕੌਰ, ਮਹਾਰਾਣੀ ਪਰੀਤੀ ਕੌਰ ਨਾਭਾ, ਕਾਕਾ ਕੰਵਰਉਦੈਪ੍ਰਤਾਪ ਸਿੰਘ, ਬਾਬਾ ਬੀਰਾ ਸਿੰਘ, ਬਾਬਾ ਗੁਰਭੇਜ ਸਿੰਘ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਮਹਿੰਦਰ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਬਿਜੈ ਸਿੰਘ, ਸ. ਕੁਲਦੀਪ ਸਿੰਘ ਰੋਡੇ, ਪ੍ਰੋ. ਸੁਖਦੇਵ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਸੁਖਬੀਰ ਸਿੰਘ, ਸ. ਮਨਜੀਤ ਸਿੰਘ, ਮੈਨੇਜਰ ਸ. ਸੁਖਰਾਜ ਸਿੰਘ ਅਤੇ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV























**18 ਫਰਵਰੀ, 2024 ਨੂੰ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ** ਸੰਦੀਪ (ਦੀਪ) ਸਿੰਘ ਸਿੱਧੂ ਦੀ ਯਾਦ ਵਿੱਚ ਬਰਸੀ ਸਮਾਗਮ ਮਨਾਇਆ ਗਿਆ ਅਤੇ ਉਹਨਾਂ ਲਈ ਅਰਦਾਸ ਕੀਤੀ ਗਈ। ਇਸ ਮੌਕੇ ਦੌਰਾਨ ਸ਼ਨੀਵਾਰ, 17 ਫਰਵਰੀ ਨੂੰ ਇੱਕ ਮਹੱਤਵਪੂਰਨ ਟੂਰ ਕੀਤਾ ਗਿਆ, ਜਿਸ ਵਿੱਚ 200 ਤੋਂ ਵੀ ਵੱਧ ਸੰਗਤਾਂ ਨੇ ਹਾਜਰੀ ਭਰੀ। ਇਹ ਟੂਰ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਵਿਖੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਿੰਘਾਸਣ ਨੂੰ ਪ੍ਰਣਾਮ ਕਰਦਿਆਂ ਹੋਇਆਂ ਐਲਵੇਡਨ ਚਰਚ ਸੇਂਟ ਐਂਡਰਿਊ ਅਤੇ ਸੇਂਟ ਪੈਟਰਿਕ ਵਿਖੇ ਪਹੁੰਚਾ, ਜਿੱਥੇ ਮਹਾਰਾਜਾ ਦਲੀਪ ਸਿੰਘ ਜੀ ਦੇ ਅੰਤਿਮ ਅਸਥਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਐਤਵਾਰ ਨੂੰ ਬੁਲਾਰਿਆਂ ਵੱਲੋਂ ਸਿੱਖ ਪ੍ਰਭੂਸੱਤਾ ਦੀ ਭਾਵਨਾ ਨੂੰ ਮੁੜ ਸੁਰਜੀਤ ਕਰਨ ਅਤੇ ਇਨਸਾਫ਼ ਦੀ ਵਕਾਲਤ ਕਰਨ ਲਈ ਦੀਪ ਸਿੱਧੂ ਦੇ ਦ੍ਰਿੜ ਸਮਰਪਣ ਲਈ ਸ਼ਲਾਘਾ ਕੀਤੀ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਕੁਲਦੀਪ ਸਿੰਘ ਦਿਓਲ ਨੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਡਿਬਰੂਗੜ੍ਹ ਦੇ ਹੋਰ ਸਿੱਖ ਨਜ਼ਰਬੰਦਾਂ ਨੂੰ ਪੰਜਾਬ ਤਬਦੀਲ ਕਰਨ ਦੀ ਮੰਗ ਲਈ ਰੋਸ ਪ੍ਰਦਰਸ਼ਨ ਅਤੇ ਡੀਸੀ ਅੰਮ੍ਰਿਤਸਰ ਦਫਤਰ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਦੀ ਅਪੀਲ ਕਰਨ ਵਾਲਾ ਮਤਾ ਪੇਸ਼ ਕੀਤਾ। ਉਨ੍ਹਾਂ ਅਜਿਹੇ ਮਾਮਲਿਆਂ ਵੱਲ੍ਹ ਧਿਆਨ ਦੇਣ ਲਈ ਅੰਮ੍ਰਿਤਸਰ ਦੇ ਡੀਸੀ ਨੂੰ ਬੇਨਤੀ ਕੀਤੀ। ਦੁਨੀਆਂ ਭਰ ਵਿੱਚ ਸਿੱਖ ਭਾਈਚਾਰੇ ਨੂੰ ਦਰਪੇਸ਼ ਵਿਆਪਕ ਚੁਣੌਤੀਆਂ ਦੇ ਵਿਚਕਾਰ, ਕਥਿਤ ਦੁਰਵਿਵਹਾਰ, ਘੁਸਪੈਠ ਦੀ ਨਿਗਰਾਨੀ, ਪਰਿਵਾਰ ਨਾਲ ਸੀਮਤ ਸੰਚਾਰ ਅਤੇ ਭੋਜਨ ਸੁਰੱਖਿਆ ਦੇ ਮੁੱਦਿਆਂ ਸਮੇਤ, ਉਨ੍ਹਾਂ ਦੀ ਤੰਦਰੁਸਤੀ ਬਾਰੇ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਸੀ।

International Newspaper & WEB TV

**On February 18, 2024, Guru Nanak Gurd**wara Smethwick paid tribute to Sandeep (Deep) Singh Sidhu with a Barsi Smagam, offering Ardas in Deep's honor throughout the event. The commemoration extended over multiple days, highlighted by a significant excursion on Saturday, February 17th, when over 200 Sangat members embarked on a tour to view Maharaja Ranjeet Singh's Throne at the Victoria and Albert Museum. The tour also included a visit to Elveden Church St Andrew & St Patrick to pay respects at the final resting place of Maharaja Duleep Singh. On Sunday, speakers honored Deep Sidhu's steadfast dedication to reigniting the spirit of Sikh Sovereignty and advocating for justice. Kuldeep Singh Deol, President of Guru Nanak Gurdwara Smethwick, put forth a resolution urging protest and the temporary closure of the DC Amritsar office to demand the relocation to Punjab of Bhai Amritpal Singh and other Sikh detainees in Dibrugarh. He underscored the DC of Amritsar's responsibility in overseeing such matters. Concerns were raised about their well-being, including alleged abuse, intrusive surveillance, limited communication with family, and food safety issues, amidst the broader challenges facing the Sikh community worldwide.

International Newspaper & WEB TV

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ (ਸ਼.ਭ.ਸ.ਨਗਰ)

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

## ਸਵ: ਸ: ਜੁਗਿੰਦਰ ਸਿੰਘ ਸੂਰਾਪੁਰੀ

(ਉਪ ਚੇਅਰਮੈਨ ਏਕ ਨੂਰ ਸਵੈ-ਸੇਵੀ ਸੰਸਥਾ ਪਠਲਾਵਾ) ਦੀ ਯਾਦ ਨੂੰ ਸਮਰਪਿਤ

# 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

**ਪ੍ਰੋਗਰਾਮ**




ਮਿਤੀ : **3 ਮਾਰਚ 2024, ਦਿਨ ਐਤਵਾਰ ।**

ਸਮਾਂ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : ਸਰਕਾਰੀ ਪ੍ਰਾ: ਸਕੂਲ ਪਠਲਾਵਾ ।

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ

ਮੁੱਖ ਮਹਿਮਾਨ : **ਸ: ਇੰਦਰਬੀਰ ਸਿੰਘ** (ਆਈ.ਪੀ.ਐਸ.), ਡੀ.ਆਈ. ਜੀ. ਐਡਮਨਿਸ਼ਟ੍ਰੇਸ਼ਨ ਪੀ.ਏ.ਪੀ. ਜਲੰਧਰ।

ਵਿਸ਼ੇਸ਼ ਮਹਿਮਾਨ:
- ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ, ਯੂਨੀਕ ਹੋਮ, ਜਲੰਧਰ ।
- ਸ: ਪਿਆਰਾ ਸਿੰਘ ਨੂਰਪੁਰੀ ਕਨੇਡਾ ।
- ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ ।॥ ਬੀ.ਡੀ.ਸੀ. ਨਵਾਂਸ਼ਹਿਰ ।
- ਪ੍ਰਧਾਨ, ਗੁਰੂ ਨਾਨਕ ਮਿਸ਼ਨ ਹਸਪਤਾਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ।
- ਐਸ. ਅਸ਼ੋਕ ਭੌਰਾ ਜਨਰਾਲਿਸਟ (ਉਘੇ ਕਾਲਮ ਨਵੀਸ) ਯੂ.ਐਸ.ਏ. ।

ਸਨਮਾਨਿਤ ਸੰਸਥਾਵਾਂ ਅਤੇ ਸ਼ਖਸੀਅਤਾਂ :
ਭਾਈ ਘਨੱਈਆ ਜੀ ਸੇਵਕ ਦਲ ਜਾਡਲਾ (ਜੋੜਿਆਂ ਦੀ ਫਰੀ ਸੇਵਾ)
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।

ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

ਵਿਸ਼ੇਸ਼ ਆਕਰਸ਼ਨ : ਪੰਜਾਬੀ ਗਾਇਕ ਸਮਾਜਿਕ ਪੱਖ ਨੂੰ ਉਭਾਰਨ ਵਾਲੇ, ਸੱਭਿਆਚਾਰ ਦੇ ਅਲੰਬਰਦਾਰ **ਪੰਮਾ ਡੂੰਮੇਵਾਲੀਆ** ਆਪਣਾ ਪ੍ਰੋਗਰਾਮ ਪੇਸ਼ ਕਰਨਗੇ ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

**ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।**

ਉਡੀਕਵਾਨ : **ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਠਲਾਵਾ ।**

ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ।

ਮੋਬਾ: 98153-48143, 98140-23547

# ਕਿਸਾਨਾਂ ਅਤੇ ਡਿਬਰੂਗੜ੍ਹ ਭੇਜੇ ਸਿੱਖਾਂ ਦਾ ਮਸਲਾ ਤੁਰੰਤ ਹੱਲ ਕਰੇ ਪੰਜਾਬ ਤੇ ਕੇਂਦਰ ਸਰਕਾਰ- ਜਥੇਦਾਰ ਦਾਦੂਵਾਲ

**ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ**

ਕਿਸਾਨ ਆਪਣੇ ਹੱਕਾਂ ਦੀ ਗੱਲ ਕਰ ਰਹੇ ਹਨ ਅਤੇ ਡਿਗਰੂਗੜ ਭੇਜੇ ਸਿੱਖ ਨਸ਼ੇ ਛੁਡਵਾ ਕੇ ਨੌਜਵਾਨਾਂ ਨੂੰ ਗੁਰੂ

ਆਵਾਜ਼ਿ ਕੌਮ AWAZE QAUM International Newspaper & WEB TV



ਨਾਲ ਜੁੜਨ ਦੀ ਅਪੀਲ ਕਰ ਰਹੇ ਸਨ ਇਸ ਵਿੱਚ ਕੋਈ ਵੀ ਗੁਨਾਹ ਵਾਲੀ ਗੱਲ ਨਹੀਂ ਹੈ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਇਹ ਦੋਨੋਂ ਮਸਲੇ ਤੁਰੰਤ ਹੱਲ ਕਰਨੇ ਚਾਹੀਦੇ ਹਨ ਪ੍ਰਸਿੱਧ ਸਿਖ ਪ੍ਰਚਾਰਕ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਪਹਿਲਾਂ ਵੀ ਦਿੱਲੀ ਵਿਖੇ ਲੱਗੇ ਕਿਸਾਨ ਮੋਰਚੇ ਦੌਰਾਨ 750 ਦੇ ਕਰੀਬ ਕਿਸਾਨਾਂ ਦੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਸਨ ਲਗਾਤਾਰ ਇੱਕ ਸਾਲ ਚੱਲੇ ਕਿਸਾਨ ਅੰਦੋਲਨ ਤੋਂ ਬਾਅਦ ਪ੍ਰਧਾਨ ਮੰਤਰੀ ਭਾਰਤ ਵੱਲੋਂ ਤਿੰਨੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ ਅਤੇ ਹੁਣ ਵੀ ਸੰਭੂ ਬਾਰਡਰ ਅਤੇ ਖਨੌਰੀ ਬਾਰਡਰ ਤੇ ਕਈ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ ਜੋ ਅਤਿਅੰਤ ਚਿੰਤਾ ਦਾ ਵਿਸ਼ਾ ਹੈ ਜਿਸ ਤਰਾਂ ਦਿੱਲੀ ਪੰਜਾਬ ਵਿਚਾਲੇ ਇੱਕ ਅਲੱਗ ਬਾਰਡਰ ਬਣਾਕੇ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਗੋਲੀਆਂ ਨਾਲ ਹਮਲਾ ਕੀਤਾ ਜਾ ਰਿਹਾ ਹੈ ਉਹ ਬਹੁਤ ਦੁਖਦਾਈ ਹੈ ਕਿਸਾਨ ਕੋਈ ਚੋਰ ਡਾਕੂ ਜਾਂ ਅੱਤਵਾਦੀ ਨਹੀਂ ਕੇ ਇਨਾਂ ਨਾਲ ਇਸ ਤਰ੍ਹਾਂ ਦਾ ਵਰਤਾਓ ਕੀਤਾ ਜਾਵੇ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕਿ ਪੰਜਾਬ ਹਰਿਆਣਾ ਕੇਂਦਰ ਸਰਕਾਰ ਨੂੰ ਮਿਲ ਕੇ ਇਨਾਂ ਕਿਸਾਨਾਂ ਦਾ ਮਸਲਾ ਹੱਲ ਕਰਨਾ ਚਾਹੀਦਾ ਹੈ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਜਿਸ ਤਰਾਂ ਸਿੱਖ ਨੌਜਵਾਨਾਂ ਨੂੰ ਪਿਛਲੇ ਸਮੇਂ ਪੰਜਾਬ ਦੀ ਧਰਤੀ ਤੋਂ ਗ੍ਰਿਫਤਾਰ ਕਰਕੇ ਐਨ ਐਸ ਏ ਵਰਗੀਆਂ ਸਖਤ ਧਰਾਵਾਂ ਲਾ ਕੇ ਅਸਾਮ ਦੀ ਡਿਬਰੂਗੜ ਜੇਲ ਵਿੱਚ ਬੰਦ ਕੀਤਾ ਹੋਇਆ ਹੈ ਅਤੇ ਜਿੱਥੇ ਉਹਨਾਂ ਨਾਲ ਬਹੁਤ ਮਾੜਾ ਵਰਤਾਓ ਕੀਤਾ ਜਾ ਰਿਹਾ ਉਹ ਵੀ ਬੇਹੱਦ ਦੁਖਦਾਈ ਹੈ ਪਿਛਲੇ ਦਿਨੀ ਜਿਸ ਤਰਾਂ ਉਨਾਂ ਸਿੱਖ ਨੌਜਵਾਨਾਂ ਦੀਆਂ ਆਡੀਓ ਕਾਲ ਵਾਇਰਲ ਹੋਈਆਂ ਹਨ ਉਸ ਵਿੱਚ ਉਨਾਂ ਨੇ ਜੇਲ ਵਿੱਚ ਹੋ ਰਹੇ ਵਰਤਾਓ ਦਾ ਜ਼ਿਕਰ ਕੀਤਾ ਹੈ ਜੋ ਬਹੁਤ ਅਣਮਨੁੱਖੀ ਵਰਤਾਰਾ ਹੈ ਤੇ ਬਰਦਾਸ਼ਤੇ ਕਾਬਿਲ ਨਹੀਂ ਹੈ ਇਸ ਲਈ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਇਨਾਂ ਸਿੱਖ ਨੌਜਵਾਨਾਂ ਦੀ ਐਨ ਐਸ ਏ ਹਟਾ ਕੇ ਤੁਰੰਤ ਰਿਹਾ ਕਰਨਾ ਚਾਹੀਦਾ ਹੈ ਕਿਸਾਨਾਂ ਅਤੇ ਡਿਬਰੂਗੜ ਭੇਜੇ ਸਿੱਖਾਂ ਨਾਲ ਵਰਤ ਰਿਹਾ ਵਰਤਾਰਾ ਬਰਦਾਸ਼ਤੇ ਕਾਬਿਲ ਨਹੀਂ ਹੈ ਇਸ ਲਈ ਸਰਕਾਰਾਂ ਇਨਾਂ ਦੋਨਾਂ ਮਸਲਿਆਂ ਦਾ ਤੁਰੰਤ ਹੱਲ ਕਰੇ।

# ਪੰਜਾਬ ਸਰਹੱਦ 'ਤੇ ਕਿਸਾਨਾਂ ਵਿਰੁੱਧ ਪੁਲਿਸ ਦੇ ਬੇਰਹਿਮ ਜਬਰ ਅਤੇ ਕਤਲਾਂ ਦੀ ਸਖ਼ਤ ਨਿਖੇਧੀ: ਸੰਯੁਕਤ ਕਿਸਾਨ ਮੋਰਚਾ


ਨਵੀਂ ਦਿੱਲੀ 21 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਐੱਸ.ਕੇ.ਐੱਮ. ਕਿਸਾਨਾਂ ਵਿਰੁੱਧ ਬੇਰਹਿਮ ਪੁਲਿਸ ਜਬਰ ਅਤੇ ਹਰਿਆਣਾ ਪੰਜਾਬ ਸਰਹੱਦ 'ਤੇ ਪੁਲਿਸ ਗੋਲੀਬਾਰੀ ਵਿੱਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਬੱਲੋ ਦੇ ਕਿਸਾਨ ਸ਼ੁਭਕਰਨ ਸਿੰਘ (23) ਦੇ ਮਾਰੇ ਜਾਣ ਦੀ ਨਿਖੇਧੀ ਕਰਦਾ ਹੈ। ਪ੍ਰਾਪਤ ਰਿਪੋਰਟਾਂ ਅਨੁਸਾਰ ਦਮਨ ਵਿੱਚ ਕਰੀਬ ਪੰਦਰਾਂ ਵਿਅਕਤੀ ਗੰਭੀਰ ਜ਼ਖ਼ਮੀ ਹੋਏ ਹਨ। ਇਹ ਕਿਸਾਨ ਪਰਿਵਾਰਾਂ ਦੇ ਰੋਟੀ-ਰੋਜ਼ੀ ਕਰਨ ਵਾਲਿਆਂ 'ਤੇ ਵਹਿਸ਼ੀਆਨਾ ਹਮਲਾ ਹੈ, ਜਦੋਂ ਉਹ ਸਿਰਫ਼ ਪ੍ਰਧਾਨ ਮੰਤਰੀ ਵੱਲੋਂ ਕੀਤੇ ਲਿਖਤੀ ਵਾਅਦਿਆਂ ਨੂੰ ਲਾਗੂ ਕਰਵਾਉਣ ਲਈ ਪ੍ਰਦਰਸ਼ਨ ਕਰ ਰਹੇ ਸਨ। ਪ੍ਰਧਾਨ ਮੰਤਰੀ ਅਤੇ ਕੇਂਦਰ ਸਰਕਾਰ ਜੋ 9 ਦਸੰਬਰ 2021 ਨੂੰ ਐਸਕੇਐਮ ਨਾਲ ਹੋਏ ਸਮਝੌਤੇ ਨੂੰ ਲਾਗੂ ਕਰਨ ਵਿੱਚ ਅਸਫਲ ਰਹੀ ਹੈ, ਮੌਜੂਦਾ ਸੰਕਟ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਐਸਕੇਐਮ ਪੰਜਾਬ ਸਰਹੱਦ 'ਤੇ ਸਥਿਤੀ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ 22 ਫਰਵਰੀ ਨੂੰ ਰਾਸ਼ਟਰੀ ਤਾਲਮੇਲ ਕਮੇਟੀ ਅਤੇ ਜਨਰਲ ਅਸੈਂਬਲੀ ਦੀ ਮੀਟਿੰਗ ਵਿੱਚ ਸਥਿਤੀ 'ਤੇ ਵਿਆਪਕ ਚਰਚਾ ਕਰੇਗਾ ਅਤੇ ਸੰਘਰਸ਼ ਨੂੰ ਵਧਾਉਣ ਲਈ ਨਿਰਣਾਇਕ ਕਾਰਵਾਈ ਕਰਨ ਦਾ ਫੈਸਲਾ ਕਰੇਗਾ।

ਆਵਾਜ਼ਿ ਕੌਮ AWAZE QAUM International Newspaper & WEB TV


ਚੜ੍ਹਦੀ ਕਲਾ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

### ਜੱਸਾ ਸਿੰਘ ਮਾਣਕੀ ਦੇ ਮਾਤਾ ਜੀ ਨੂੰ ਵੱਖ ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀ ਗਈ

# ਸਿੱਖਾਂ ਨੂੰ ਸਾਂਝੇ ਰੂਪ ਵਿੱਚ ਸਿੱਖ ਰਾਜਨੀਤੀ ਸਿਰਜਣੀ ਸਮੇਂ ਦੀ ਮੁੱਖ ਮੰਗ: ਆਗੂ

**ਅਖੀਰ ਵਿੱਚ ਸੰਘਰਸ਼ੀ ਯੋਧੇ ਬਾਬਾ ਬਾਬਾ ਬਖਸ਼ੀਸ਼ ਸਿੰਘ ਨੇ ਮਾਤਾ ਜੀ ਦੇ ਗੁਰਮੁੱਖ ਸੁਭਾਅ ਬਾਰੇ ਚਾਨਣਾ ਪਾਇਆ,ਉਪਰੰਤ ਭਾਈ ਜੱਸਾ ਸਿੰਘ ਮਾਣਕੀ ਦੇ ਜੀਵਨ ਬਾਰੇ, ਸੰਘਰਸ਼ ਦੌਰਾਨ ਉਨਾਂ ਦੀ ਕੁਰਬਾਨੀ, ਤਸ਼ੱਦਦ ਦਾ ਦੌਰ ਪ੍ਰੀਵਾਰ ਤੇ ਝੁੱਲੇ ਝੱਖੜ ਆਦਿ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ.....**



ਮਹਿਲ ਕਲਾਂ, 21 ਫਰਵਰੀ (ਆਵਾਜ਼ਿ ਕੌਮ ਬਿਊਰੋ)- ਸਿੱਖ ਸੰਘਰਸ਼ ਦੌਰਾਨ ਪੰਥਕ ਸੇਵਾਵਾਂ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਲਕਾ ਮਹਿਲ ਕਲਾਂ ਦੇ ਜੱਥੇਬੰਦਕ ਸਕੱਤਰ ਸ ਜੱਸਾ ਸਿੰਘ ਮਾਣਕੀ ਦੇ ਸਤਿਕਾਰਯੋਗ ਮਾਤਾ ਜੀ ਪ੍ਰੀਤਮ ਕੌਰ ਜਿਹੜੇ ਪਿਛਲੇ ਦਿਨੀਂ ਏਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਸਨ,ਦੇ ਨਮਿੱਤ ਅੱਜ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਾਣਕੀ ਵਿਖੇ ਸ਼ਰਧਾਂਜਲੀ ਸਮਾਗਮ ਹੋਇਆ।ਇਸ ਮੌਕੇ ਗੁਰਸੇਵਕ ਸਿੰਘ ਬਰਨਾਲਾ ਦੇ ਰਾਗੀ ਜੱਥੇ ਵੱਲੋਂ ਰਸਭਿੰਨਾ ਗੁਰਬਾਣੀ ਕੀਰਤਨ ਕੀਤਾ ਗਿਆ,ਫਿਰ ਭੋਗ ਦੀ ਅਰਦਾਸ ਤੋਂ ਬਾਅਦ ਮਾਤਾ ਪ੍ਰੀਤਮ ਕੌਰ ਜੀ ਨੂੰ ਵੱਖ ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।ਇਸ ਮੌਕੇ ਪੰਥਕ ਵਿਦਵਾਨ,ਚੜਦੀ ਕਲਾ ਅਖਬਾਰ ਬਰਨਾਲਾ ਦੇ ਇੰਚਾਰਜ ਸ, ਬਘੇਲ ਸਿੰਘ ਧਾਲੀਵਾਲ ਨੇ ਮਾਤਾ ਜੀ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮਾਤਾ ਜੀ ਦੇ ਸਿੱਖ ਸੰਸਕਾਰਾਂ ਦੀ ਬਦੌਲਤ ਪ੍ਰੀਵਾਰ ਵਿੱਚ ਸਿੱਖੀ ਦਾ ਬੂਟਾ ਲੱਗਿਆ ਹੋਇਆ ਹੈ,ਜਿਸਦੀ ਖੁਸ਼ਬੂ ਪ੍ਰੀਵਾਰ ਵਿੱਚੋਂ ਮਹਿਕਾ ਖਿਲਾਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮਹਿਲ ਕਲਾਂ ਸ,ਨਾਥ ਸਿੰਘ ਹਮੀਦੀ ਨੇ ਬੋਲਦਿਆਂ ਕਿਹਾ ਕਿ ਮਾਵਾਂ ਦੀ ਦੇਣ ਜੱਗ ਤੇ ਕੋਈ ਵਿਅਕਤੀ ਨਹੀ ਦੇ ਸਕਦਾ,ਮਾਤਾ ਜੀ ਦਾ ਜੀਵਨ ਸਿੱਖੀ ਨੂੰ ਸਮਰਪਿਤ ਸੀ,ਜਿਸ ਕਾਰਨ ਭਾਈ ਜੱਸਾ ਸਿੰਘ ਮਾਣਕੀ ਦਾ ਸਾਰਾ ਪ੍ਰੀਵਾਰ ਗੁਰਮਿਤ ਦਾ ਧਾਰਨੀ ਹੈ।ਇਸ ਮੌਕੇ ਦਰਸ਼ਨ ਸਿੰਘ ਮੰਡੇਰ ਜ਼ਿਲਾ ਪ੍ਰਧਾਨ ਬਰਨਾਲਾ ਨੇ ਬੋਲਦਿਆਂ ਕਿਹਾ ਕਿ ਮਾਤਾ ਜੀ ਦੀ ਸਿਖਿਆ ਕਾਰਨ ਹੀ ਪ੍ਰੀਵਾਰ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਦਿਨ ਰਾਤ ਸੇਵਾਵਾਂ ਨਿਭਾ ਰਿਹਾ ਹੈ,ਤੇ ਅਸੀਂ ਪ੍ਰੀਵਾਰ ਤੇ ਬਹੁਤ ਮਾਣ ਮਹਿਸੂਸ ਕਰਦੇ ਹਾਂ।ਇਸ ਮੌਕੇ ਸ, ਸਿਮਰਨਜੀਤ ਸਿੰਘ ਮਾਨ ਸਾਹਿਬ ਦੇ ਦੋਹਤਰੇ ਸ, ਗੋਬਿੰਦ ਸਿੰਘ ਸੰਧੂ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਏਸ ਪ੍ਰੀਵਾਰ ਦੀ ਬਹੁਤ ਵੱਡੀ ਕੁਰਬਾਨੀ ਹੈ,ਸਾਡੇ ਕੋਲ ਅੱਜ਼ ਕੱਲ ਪੰਥਕ ਅਤੇ ਸੰਘਰਸ਼ੀ ਪ੍ਰੀਵਾਰ ਦੀ ਗਿਣਤੀ ਬਹੁਤ ਘੱਟ ਹੈ, ਸਾਨੂੰ ਅਜਿਹੇ ਪ੍ਰੀਵਾਰਾਂ ਤੋਂ ਸੇਧ ਲੈਣੀ ਚਾਹੀਦੀ ਹੈ ਜਿੰਨਾਂ ਨੇ ਪੰਥ ਲਈ ਵੱਡੀਆ ਘਾਲਣਾਵਾਂ ਘਾਲੀਆ ਹਨ ਪਰ ਕਦੀ ਵੀ ਜਿਤਾਇਆ ਨਹੀ ਸਗੋਂ ਵਹਿਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਿਆ ਹੈ। ਅਖੀਰ ਵਿੱਚ ਸੰਘਰਸ਼ੀ ਯੋਧੇ ਬਾਬਾ ਬਾਬਾ ਬਖਸ਼ੀਸ਼ ਸਿੰਘ ਨੇ ਮਾਤਾ ਜੀ ਦੇ ਗੁਰਮੁੱਖ ਸੁਭਾਅ ਬਾਰੇ ਚਾਨਣਾ ਪਾਇਆ,ਉਪਰੰਤ ਭਾਈ ਜੱਸਾ ਸਿੰਘ ਮਾਣਕੀ ਦੇ ਜੀਵਨ ਬਾਰੇ, ਸੰਘਰਸ਼ ਦੌਰਾਨ ਉਨਾਂ ਦੀ ਕੁਰਬਾਨੀ, ਤਸ਼ੱਦਦ ਦਾ ਦੌਰ ਪ੍ਰੀਵਾਰ ਤੇ ਝੁੱਲੇ ਝੱਖੜ ਆਦਿ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ, ਉਨਾਂ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਪੰਜਾਬ ਨੂੰ ਖਤਮ ਕਰਨ ਤੇ ਲੱਗੀਆ ਹੋਈਆ ਹਨ,ਸੋ ਆਓ ਘਰਾਂ ਵਿੱਚ ਨਿੱਕਲੋ ਤਾ ਕਿ ਜ਼ਬਰ ਜ਼ੁਲਮ ਨੂੰ ਸਬਰ ਨਾਲ ਮਾਤ ਪਾਈ ਜਾ ਸਕੇ।ਇਸ ਮੌਕੇ ਪਾਰਟੀ ਦੀ ਸੀਨੀਅਰ ਆਗੂ ਗੁਰਨੈਬ ਸਿੰਘ ਰਾਮਪੁਰਾ, ਗੁਰਪ੍ਰੀਤ ਸਿੰਘ ਖੁੱਡੀ, ਐਡਵੋਕੇਟ ਮਨਵੀਰ ਕੌਰ ਰਾਹੀ,ਮਨਜੀਤ ਸਿੰਘ ਸੰਘੇੜਾ,ਜਸਵੀਰ ਸਿੰਘ ਬਿੱਲਾ ਸੰਘੇੜਾ, ਬਾਬਾ ਇੰਦਰ ਸਿੰਘ ਪਟਿਆਲਾ, ਦਿਲਬਾਗ ਸਿੰਘ ਬਾਘਾ ਅਤਾਲਾ,ਜਥੇਦਾਰ ਹਰੀ ਸਿੰਘ ਸੰਘੇੜਾ, ਪ੍ਰਧਾਨ ਰਣਜੀਤ ਸਿੰਘ ਭੋਲਾ ਮਾਣਕੀ, ਜਥੇਦਾਰ ਅਜਮੇਰ ਸਿੰਘ ਮਾਣਕੀ,ਹੈਡ ਗ੍ਰੰਥੀ ਕਾਲਾਮਾਲਾ ਭਾਈ ਜੱਸਾ ਸਿੰਘ ਮਾਣਕੀ,ਗੁਰਤੇਜ ਸਿੰਘ ਅਸਪਾਲ ਕਲਾਂ,ਗੁਰਮੇਲ ਸਿੰਘ ਅਸਪਾਲ ਖੁਰਦ,ਪਰਮਪਾਲ ਸਿੰਘ ਭੀਖੀ,ਗੁਰਤੇਜ ਸਿੰਘ ਭੱਦਲਵੱਡ,ਦੇਵ ਸਿੰਘ ਦਸੌਂਦਾ ਸਿੰਘ ਵਾਲਾ, ਪਰਮਜੀਤ ਸਿੰਘ ਪੰਡਿਤ ਝਲੂਰ,ਰਣਜੀਤ ਸਿੰਘ ਝਲੂਰ, ਸੀਨੀਅਰ ਪੱਤਰਕਾਰ ਵਿਜੈ ਕੁਮਾਰ ਸਿੰਗਲਾ ਸੇਰਪੁਰ, ਸਰਪੰਚ ਗੁਰਮੀਤ ਸਿੰਘ ਮਾਹਮਦਪੁਰ, ਕੁਲਵੰਤ ਸਿੰਘ ਸੰਧੂ ਮਾਹਮਦਪੁਰ,ਸੀਰਾ ਮਾਹਮਦਪੁਰ,ਜੀਤ ਸਿੰਘ ਅਲੀਪੁਰ ਖ਼ਾਲਸਾ, ਜਰਨੈਲ ਸਿੰਘ ਗੁਆਰਾ, ਬਚਿੱਤਰ ਸਿੰਘ ਲਾਡੇਵਾਲ, ਹਰਮਿੰਦਰ ਸਿੰਘ ਚੈੜੀਆਂ,ਲਾਡੀ ਅੱਬੂਪੁਰਾ, ਸੁਖਵਿੰਦਰ ਸਿੰਘ ਪੱਪੂ ਮਹਿਲ ਕਲਾਂ, ਮਹਿੰਦਰ ਸਿੰਘ ਮਹਿਲ ਕਲਾਂ,ਪ੍ਰਗਟ ਸਿੰਘ ਕੁਰੜ, ਜਰਨੈਲ ਸਿੰਘ ਠੁੱਲੀਵਾਲ,ਸਾਧੂ ਸਿੰਘ ਠੁੱਲੀਵਾਲ, ਰੇਸ਼ਮ ਸਿੰਘ ਠੁੱਲੀਵਾਲ,ਜੱਗਾ ਸਿੰਘ ਠੁੱਲੀਵਾਲ,ਬਾਬਾ ਰਾਮ ਸਿੰਘ ਲੱਖਾ,ਬਲਜੀਤ ਸਿੰਘ ਦਿਉਲ ਹਰਦਾਸਪੁਰਾ,ਜਗਰੂਪ ਸਿੰਘ ਮਾਨਸਾ, ਨਛੱਤਰ ਸਿੰਘ ਮਾਂਗੇਵਾਲ,ਜੀਤ ਸਿੰਘ ਮਾਂਗੇਵਾਲ, ਬਲਦੇਵ ਸਿੰਘ ਗੰਗੋਹੋਰ, ਮਹਿੰਦਰ ਸਿੰਘ ਸਹਿਜੜਾ, ਭਰਪੂਰ ਸਿੰਘ ਵਜੀਦਕੇ,ਪ੍ਰੀਤਮ ਸਿੰਘ ਵਜੀਦਕੇ, ਸਰਪੰਚ ਚਰਨਜੀਤ ਸਿੰਘ ਭੈਣੀ, ਜਤਿੰਦਰ ਸਿੰਘ ਭੈਣੀ, ਸੁਖਮਿੰਦਰ ਸਿੰਘ ਮਾਣਕੀ ਆੜਤੀ ,ਨੰਬਰਦਾਰ ਭਗਵਾਨ ਸਿੰਘ ਮਾਣਕੀ, ਨੰਬਰਦਾਰ ਜਗਜੀਤ ਸਿੰਘ ਮਾਣਕੀ, ਨੰਬਰਦਾਰ ਅਮਰਜੀਤ ਸਿੰਘ ਜੱਗੀ ਨੱਥੋਹੇੜੀ, ਨੰਬਰਦਾਰ ਬਲਵੀਰ ਸਿੰਘ ਕਸਬਾ, ਗੁਰਦਰਸ਼ਨ ਸਿੰਘ ਮਾਣਕੀ, ਬਲਜਿੰਦਰ ਸਿੰਘ ਸੰਗਾਲੀ, ਧਰਮਿੰਦਰ ਸਿੰਘ ਠੀਕਰੀਵਾਲ, ਧਰਮਿੰਦਰ ਸਿੰਘ ਚੱਕ,ਮਲਕੀਤ ਸਿੰਘ ਭਵਾਨੀਗੜ੍ਹ, ਸਿੱਖ ਜੱਥਾ ਮਾਲਵਾ,ਮਾਸਟਰ ਬੁੱਟਰ ਮਹਿਲ ਕਲਾਂ, ਪਰਮਜੀਤ ਸਿੰਘ ਅਮਲਾ ਸਿੰਘ ਵਾਲਾ,ਨਿਰਮਲ ਸਿੰਘ ਰੱਤਾਖੇੜਾ,ਸੁਖਵਿੰਦਰ ਸਿੰਘ ਰੱਤਾਖੇੜਾ, ਬਚਿੱਤਰ ਸਿੰਘ ਸੰਘੇੜਾ, ਸੁਰਿੰਦਰ ਸਿੰਘ ਕਾਕਾ ਜਿੱਤਵਾਲ ਕਲਾਂ, ਗੁਰਵਿੰਦਰ ਸਿੰਘ ਅਕਬਰਪੁਰ ਛੰਨਾ,ਅਮਰੀਕ ਸਿੰਘ ਸਮਾਣਾ, ਪ੍ਰਿਤਪਾਲ ਸਿੰਘ ਸਮਾਣਾ ਜੇ ਈ, ਹਾਕਮ ਸਿੰਘ ਮਾਣਕੀ ਬਿਜਲੀ ਬੋਰਡ,ਆਦਿ ਆਗੂ ਹਾਜਰ ਸਨ।

### ਬਾਰਡਰ ਤੇ ਸਰਕਾਰੀ ਜਬਰ ਨਾਲ ਇੱਕ ਹੋਰ ਕਿਸਾਨ ਸ਼ਹੀਦ ਅਤੇ ਦਰਜਨਾਂ ਜ਼ਖ਼ਮੀ

# ਭਾਕਿਯੂ ਏਕਤਾ-ਉਗਰਾਹਾਂ ਵੱਲੋਂ ਭਾਜਪਾ ਸਰਕਾਰ ਦੇ ਜਬਰ ਦੀ ਸਖਤ ਨਿੰਦਾ ਅਤੇ ਪੀੜਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ

ਚੰਡੀਗੜ੍ਹ, 21 ਫਰਵਰੀ ( ਆਵਾਜ਼ਿ ਕੌਮ ਬਿਊਰੋ) ਅੱਜ ਫਿਰ ਦਿੱਲੀ ਵੱਲ ਵਧ ਰਹੇ ਕਿਸਾਨਾਂ ਉੱਤੇ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਗੋਲੀਆਂ ਤੇ ਅੱਥਰੂ ਗੈਸ ਵਰ੍ਹਾਉਣ ਦੇ ਜਾਬਰ ਹੱਲੇ ਨਾਲ ਇੱਕ ਹੋਰ ਕਿਸਾਨ ਸ਼ਹੀਦ ਅਤੇ ਦਰਜਨਾਂ ਸਖ਼ਤ ਜ਼ਖ਼ਮੀ ਹੋ ਗਏ। ਕਿਸਾਨ ਵਿਰੋਧੀ ਹਕੂਮਤ ਦੇ ਬਾਰ ਬਾਰ ਬੋਲੇ ਜਾ ਰਹੇ ਜਾਬਰ ਹੱਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਸ਼ਹੀਦ ਦੇ ਪਰਿਵਾਰ ਅਤੇ ਜ਼ਖਮੀ ਕਿਸਾਨਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਹੱਕੀ ਕਿਸਾਨ ਮੰਗਾਂ ਲਈ ਉਨ੍ਹਾਂ ਦੇ ਜਾਨਹੂਲਵੇਂ ਘੋਲ਼ ਦੇ ਮੋਢੇ ਨਾਲ ਮੋਢਾ ਲਾ ਕੇ ਸੰਯੁਕਤ ਕਿਸਾਨ ਮੋਰਚੇ ਦੁਆਰਾ ਕੀਤਾ ਜਾ ਰਿਹਾ ਟੋਲ ਪਲਾਜ਼ਿਆਂ ਅਤੇ ਭਾਜਪਾ ਆਗੂਆਂ ਦੇ ਘਰਾਂ/ਦਫ਼ਤਰਾਂ ਦੇ ਘਿਰਾਓ ਵਾਲ਼ਾ ਤਾਲਮੇਲਵਾਂ ਸੰਘਰਸ਼ ਹੋਰ ਵਿਸ਼ਾਲ ਅਤੇ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਹੈ ਕਿ ਭਲਕੇ 22 ਫਰਵਰੀ ਨੂੰ ਕੌਮੀ ਸੰਯੁਕਤ ਕਿਸਾਨ ਮੋਰਚੇ ਦੀ ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਵਿੱਚ ਹਾਲਾਤ ਨਾਲ਼ ਢੁੱਕਵਾਂ ਫੈਸਲਾ ਲਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਜਥੇਬੰਦੀ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀਤੇ ਦਿਨ ਤੋਂ ਮੋਹਾਲੀ ਜ਼ਿਲ੍ਹੇ ਵਿੱਚ ਜ਼ੀਰਕਪੁਰ ਬਨੂੜ ਰੋਡ ਤੇ ਸਥਿਤ ਟੋਲ ਪਲਾਜ਼ਾ ਪਰਚੀ-ਮੁਕਤ ਕਰਨ ਨਾਲ 14 ਜ਼ਿਲਿਆਂ ਵਿੱਚ ਟੋਲ ਮੁਕਤ ਧਰਨੇ 24 ਥਾਂਵਾਂ 'ਤੇ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਵਿਰੋਧ ਪ੍ਰਦਰਸ਼ਨ ਤਿੰਨ ਥਾਵਾਂ ਤੇ ਅੱਜ ਵੀ ਹੋਰ ਵਧੇਰੇ ਜੋਸ਼ ਨਾਲ ਜਾਰੀ ਰਹੇ। ਇਨ੍ਹਾਂ ਵਿੱਚ ਸੈਂਕੜਿਆਂ ਦੀ ਤਾਦਾਦ ਵਿਚ ਔਰਤਾਂ ਤੇ ਨੌਜਵਾਨਾਂ ਸਮੇਤ ਹਜ਼ਾਰਾਂ ਦੀ ਤਾਦਾਦ ਵਿਚ ਕਿਸਾਨ ਮਜ਼ਦੂਰ ਸ਼ਾਮਲ ਹੋਏ। ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਵਿੱਚ ਉਕਤ ਦੋਨਾਂ ਤੋਂ ਇਲਾਵਾ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਦੀਪ ਸਿੰਘ ਟੱਲੇਵਾਲ ਅਤੇ ਹਰਿੰਦਰ ਕੌਰ ਬਿੰਦੂ ਤੋਂ ਇਲਾਵਾ ਜ਼ਿਲ੍ਹਾ/ਬਲਾਕ ਪੱਧਰੇ ਅਤੇ ਸਥਾਨਕ ਆਗੂ ਵੀ ਸ਼ਾਮਲ ਸਨ। ਸਭਨਾਂ ਬੁਲਾਰਿਆਂ ਨੇ ਮੋਦੀ ਭਾਜਪਾ ਸਰਕਾਰ ਨੂੰ ਤਾੜਨਾ ਕੀਤੀ ਕਿ ਕਿਸਾਨ ਹੁਣ ਭਖਦੀਆਂ ਕਿਸਾਨੀ ਮੰਨਵਾ ਕੇ ਹੀ ਦਮ ਲੈਣਗੇ। ਬੁਲਾਰਿਆਂ ਨੇ ਮੌਜੂਦਾ ਸੰਘਰਸ਼ ਦੀਆਂ ਹੋਰ ਭਖਦੀਆਂ ਮੰਗਾਂ ਜਿਵੇਂ ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਮਜ਼ਦੂਰਾਂ ਨੂੰ 10,000 ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ,ਲਖੀਮਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ਼, ਸਰਬਵਿਆਪੀ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ , ਪੂਰੀ ਭਰਪਾਈ ਵਾਲੀ ਫ਼ਸਲੀ ਬੀਮਾ ਯੋਜਨਾ, ਕਿਸਾਨ ਘੋਲ਼ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਤੇ ਇਨ੍ਹਾਂ ਸ਼ਹੀਦਾਂ ਦੀ ਕੌਮੀ ਯਾਦਗਾਰ ਬਣਾਉਣ ਉੱਤੇ ਜ਼ੋਰ ਦਿੱਤਾ।ਉਨ੍ਹਾਂ ਵਲੋਂ ਭਾਜਪਾ ਦੀ ਕੇਂਦਰੀ ਅਤੇ ਹਰਿਆਣਾ ਸਰਕਾਰਾਂ ਵੱਲੋਂ ਕਿਸਾਨਾਂ ਦਾ ਸੰਘਰਸ਼ ਕਰਨ ਦਾ ਸੰਵਿਧਾਨਕ ਜਮਹੂਰੀ ਹੱਕ ਕੁਚਲਣ ਲਈ ਅੱਥਰੂ ਗੈਸ, ਲਾਠੀਚਾਰਜ ਤੇ ਡ੍ਰੋਨ ਰਾਹੀਂ ਗੋਲੀਬਾਰੀ ਤੋਂ ਇਲਾਵਾ ਸੜਕਾਂ ਉੱਤੇ ਕੰਧਾਂ ਕੱਢਣ, ਕਿੱਲ ਗੱਡਣ ਤੇ ਇੰਟਰਨੈਟ ਜਾਮ ਕਰਨ ਵਰਗੇ ਤਾਨਾਸ਼ਾਹੀ ਹੱਥਕੰਡਿਆਂ ਕਿਸਾਨਾਂ ਦੀਆਂ ਜਾਨਾਂ ਲੈਣ ਦੀ ਸਖ਼ਤ ਨਿਖੇਧੀ ਕੀਤੀ ਗਈ। ਇਹ ਮੰਗ ਵੀ ਜ਼ੋਰ ਨਾਲ ਉਭਾਰੀ ਗਈ ਕਿ ਸਾਮਰਾਜ ਪੱਖੀ ਲੁਟੇਰਾ ਨੀਤੀਆਂ ਦੀ ਜੜ੍ਹ ਸੰਸਾਰ ਵਪਾਰ ਸੰਸਥਾ ਵਿੱਚੋਂ ਭਾਰਤ ਨੂੰ ਬਾਹਰ ਕੱਢਿਆ ਜਾਵੇ, ਕਿਉਂਕਿ ਇਸ ਦੀਆਂ ਨੀਤੀਆਂ ਦੇਸ਼ ਭਰ ਦੇ ਕਿਰਤੀ ਕਿਸਾਨਾਂ ਨੂੰ ਅਤੇ ਪੇਂਡੂ ਸੱਭਿਆਚਾਰ ਨੂੰ ਤਬਾਹ ਕਰ ਰਹੀਆਂ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਜਨਤਕ ਖੇਤਰ ਦੇ ਸਿਹਤ, ਸਿੱਖਿਆ, ਬਿਜਲੀ ਵਰਗੇ ਸਾਰੇ ਜਨਤਕ ਅਦਾਰੇ ਅਡਾਨੀ ਅੰਬਾਨੀ ਵਰਗੇ ਦੇਸੀ ਬਦੇਸ਼ੀ ਸਾਮਰਾਜੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਮੋਦੀ ਹਕੂਮਤ ਨੂੰ ਕਿਸਾਨਾਂ ਦੇ ਕੁਰਬਾਨੀਆਂ ਭਰੇ ਜੁਝਾਰੂ ਸੰਘਰਸ਼ਾਂ ਦੁਆਰਾ ਕੰਧ 'ਤੇ ਲਿਖਿਆ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ ਕਿ ਹਕੂਮਤੀ ਜਬਰ ਸੰਘਰਸ਼ ਕਰਨ ਵਾਲੇ ਕਾਫ਼ਲਿਆਂ ਨੂੰ ਅੱਗੇ ਵਧਣ ਤੋਂ ਰੋਕ ਨਹੀਂ ਸਕਦਾ, ਸਗੋਂ ਇਹ ਜਬਰ ਤਾਂ ਸੰਘਰਸ਼ਾਂ ਦੀ ਖ਼ੁਰਾਕ ਬਣ ਜਾਇਆ ਕਰਦਾ ਹੈ। ਆਗੂਆਂ ਕਿਹਾ ਕਿ ਸਾਡਾ ਸੰਘਰਸ਼ ਹਰ ਕਿਸਮ ਦੀ ਕੁਰਬਾਨੀ ਦੇ ਕੇ ਵੀ ਜਾਰੀ ਰਹੇਗਾ ਅਤੇ ਮੋਦੀ ਹਕੂਮਤ ਨੂੰ ਕਿਸਾਨਾਂ-ਮਜਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਮਜਬੂਰ ਕਰੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਅੱਜ ਵੀ ਧਰਨਿਆਂ ਵਿੱਚ ਖੇਤ ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਮੁਲਾਜ਼ਮਾਂ, ਟੀਚਰਾਂ, ਠੇਕਾ ਕਾਮਿਆਂ, ਵਿਦਿਆਰਥੀਆਂ ਨੇ ਹਮਾਇਤੀ ਸ਼ਮੂਲੀਅਤ ਕੀਤੀ ਅਤੇ ਆਗੂਆਂ ਨੇ ਸੰਬੋਧਨ ਕੀਤਾ।

## ਇੱਕ ਨਜ਼ਰ

### ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ

# ਦਿਬੜੂਗੜ੍ਹ ਜੇਲ੍ਹ ਵਿੱਚ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਰਵੱਈਏ ਵਿਰੁੱਧ ਸ਼ੁਰੂ ਕੀਤੀ ਭੁੱਖ ਹੜਤਾਲ ਨੂੰ ਸਰਕਾਰ ਗੰਭੀਰਤਾ ਨਾਲ ਲਵੇ



ਅੰਮ੍ਰਿਤਸਰ, 20 ਫਰਵਰੀ (ਆਵਾਜ਼ਿ ਕੌਮ ਬਿਊਰੋ)- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਦਿਬੜੂਗੜ੍ਹ ਜੇਲ੍ਹ ਵਿਚ ਗੈਰ-ਕਾਨੂੰਨੀ ਵਿਹਾਰ ਤੇ ਉਨ੍ਹਾਂ ਦੀ ਬੈਰਕ ਵਿਚ ਖੁਫੀਆ ਕੈਮਰੇ ਲਗਾ ਕੇ ਉਨ੍ਹਾਂ ਦੇ ਨਿੱਜਤਾ ਦੇ ਅਧਿਕਾਰ ਨੂੰ ਖੋਹਣ ਦੀਆਂ ਖ਼ਬਰਾਂ ਦਾ ਗੰਭੀਰ ਨੋਟਿਸ ਲਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਕੀਤੇ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਦਿਬੜੂਗੜ੍ਹ ਜੇਲ੍ਹ ਵਿਚ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਰਵੱਈਏ ਵਿਰੁੱਧ ਸ਼ੁਰੂ ਕੀਤੀ ਭੁੱਖ ਹੜਤਾਲ ਨੂੰ ਸਰਕਾਰ ਗੰਭੀਰਤਾ ਨਾਲ ਲਵੇ। ਉਨ੍ਹਾਂ ਆਖਿਆ ਕਿ ਜੇਲ੍ਹ ਵਿਚ ਕਿਸੇ ਵੀ ਹਵਾਲਾਤੀ ਦੀ ਬੈਰਕ ਵਿਚ ਖੁਫੀਆ ਕੈਮਰੇ ਲਾਉਣੇ ਅਤੇ ਉਨ੍ਹਾਂ ਦੀ ਨਿੱਜਤਾ ਦੀ ਆਜ਼ਾਦੀ ਖੋਹਣੀ ਕਿਸੇ ਵੀ ਕਾਨੂੰਨ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਬਇਨਸਾਫੀ ਦੇ ਖਿਲਾਫ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵਲੋਂ ਸ਼ੁਰੂ ਕੀਤੀ ਭੁੱਖ ਹੜਤਾਲ ਕਾਰਨ ਜੇਕਰ ਕਿਸੇ ਵੀ ਸਿੰਘ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਖਾਣੇ ਵਿਚ ਜ਼ਿਹਰੀਲੇ ਅਤੇ ਤੰਬਾਕੂ ਪਦਾਰਥ ਦੇਣ ਦੇ ਖ਼ਦਸ਼ੇ ਸਾਹਮਣੇ ਆਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਦਿਬੜੂਗੜ੍ਹ ਜੇਲ੍ਹ ਵਿਚ ਬੰਦ ਸਿੱਖ ਨੌਜਵਾਨਾਂ ਨਾਲ ਹੋ ਰਹੇ ਮਾੜੇ ਵਿਹਾਰ ਨੂੰ ਗੰਭੀਰਤਾ ਨਾਲ ਲੈਂਦਿਆਂ ਸਰਕਾਰ ਇਸ ਦੀ ਨਿਰਪੱਖ ਜਾਂਚ ਕਰਾਉਂਦੀ ਪਰ ਇਸ ਦੇ ਉਲਟ ਸਿੱਖ ਨੌਜਵਾਨਾਂ ਵਲੋਂ ਪਿਛਲੇ ਦਿਨਾਂ ਤੋਂ ਭੁੱਖ ਹੜਤਾਲ ਰੱਖੇ ਜਾਣ 'ਤੇ ਵੀ ਸਰਕਾਰ ਦੇ ਕੰਨ੍ਹ 'ਤੇ ਜੂੰਅ ਨਹੀਂ ਸਰਕ ਰਹੀ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੇ ਕੋਈ ਵੀ ਅਜਿਹਾ ਜ਼ੁਰਮ ਨਹੀਂ ਕੀਤਾ, ਜਿਸ ਦੇ ਬਦਲੇ ਉਨ੍ਹਾਂ ਨੂੰ ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਦਿਬੜੂਗੜ੍ਹ ਵਰਗੀ ਜੇਲ੍ਹ ਵਿਚ ਕਾਲੇਪਾਣੀ ਵਾਲੀ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਤਬਦੀਲ ਕਰੇ ਅਤੇ ਉਨ੍ਹਾਂ ਨੂੰ ਕਾਨੂੰਨੀ ਅਤੇ ਨਿੱਜਤਾ ਦੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਵੇ ਤਾਂ ਜੋ ਸਿੱਖਾਂ ਅੰਦਰ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਨਾਲ ਦੁਰਵਿਹਾਰ ਕਾਰਨ ਪੈਦਾ ਹੋ ਰਹੇ ਰੋਸ ਤੇ ਵਿਤਕਰੇ ਦੀ ਭਾਵਨਾ ਦੂਰ ਹੋ ਸਕੇ।

# ਕਿਸਾਨ ਸਾਡੇ ਅੰਨਦਾਤਾ, ਸਰਕਾਰ ਉਨ੍ਹਾਂ ਦੀ ਮੰਗਾ ਕਿਉਂ ਨਹੀਂ ਮੰਨ ਰਹੀ: ਕੇਜਰੀਵਾਲ



ਨਵੀਂ ਦਿੱਲੀ 21 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਕਿਸਾਨ ਸਾਡੇ ਅੰਨਦਾਤਾ ਹਨ, ਕਿਸਾਨ ਸਭ ਤੋਂ ਵੱਧ ਮਿਹਨਤ ਕਰਦੇ ਹਨ, ਰਾਤ ਦਿਨ, ਸਰਦੀ ਅਤੇ ਗਰਮੀ ਵਿੱਚ ਪਸੀਨਾ ਵਹਾ ਕੇ ਸਾਡੇ ਲਈ ਅਨਾਜ ਪੈਦਾ ਕਰਦੇ ਹਨ। ਕਿਸਾਨ ਗਰੀਬ ਹੈ, ਅਮੀਰ ਨਹੀਂ ਹੈ। ਇਹ ਨਹੀਂ ਹੈ ਕਿ ਕਿਸਾਨ ਵੱਡੇ-ਵੱਡੇ ਬੰਗਲੇ ਬਣਾ ਕੇ ਬੈਠ ਜਾਂਦੇ ਹਨ ਜਿਵੇਂ ਨੇਤਾ ਵੱਡੇ-ਵੱਡੇ ਬੰਗਲੇ ਬਣਾ ਕੇ ਬੈਠਦੇ ਹਨ। ਮੁੱਖ ਮੰਤਰੀ ਨੇ ਸਰਕਾਰ ਤੋਂ ਪੁੱਛਿਆ ਹੈ ਕਿਸਾਨਾਂ ਦੀ ਗੱਲ ਕਿਉਂ ਨਹੀਂ ਮੰਨੀ ਜਾ ਰਹੀ ਹੈ। ਕੀ ਕਿਸਾਨਾਂ ਦੀ ਮੰਗ ਨਜਾਇਜ਼ ਹੈ.? ਕਿਸਾਨ ਦੀ ਮੰਗ ਹੈ ਕਿ ਮੈਨੂੰ ਮੇਰੀ ਫਸਲ ਦਾ ਪੂਰਾ ਭਾਅ ਮਿਲਣਾ ਚਾਹੀਦਾ ਹੈ। ਤੇ ਤੁਸੀਂ ਕਿਸਾਨ ਦੀ ਗੱਲ ਕਿਉਂ ਨਹੀਂ ਮੰਨ ਰਹੇ ਹੋ । ਇਹ ਦਸਿਆ ਜਾਏ ਕਿ ਕਿਸਾਨਾਂ ਨੂੰ ਇਹ ਸਭ ਕਿਉਂ ਕਰਨਾ ਪਿਆ ਹੈ.?

# ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ ਵੱਲੋਂ "ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ" ਨੂੰ ਕਵੀ ਦਰਬਾਰ ਕਰਵਾਇਆ




ਚੌਕ ਮਹਿਤਾ, 21 ਫਰਵਰੀ (.ਬਾਬਾ ਸੁਖਵੰਤ ਸਿੰਘ ਚੰਨਣਕੇ)- ਅੱਜ ਇੱਥੇ ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਇਕ ਕਵੀ ਦਰਬਾਰ ਸੰਤ ਮਾਝਾ ਸਿੰਘ ਸੀ: ਸੈ: ਸਕੂਲ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ । ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਸ਼ੇਲਿੰਦਰਜੀਤ ਸਿੰਘ ਰਾਜਨ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਸੁਖਦੇਵ ਸਿੰਘ ਭੁੱਲਰ ਸੀਨੀਅਰ ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ, ਗਾਇਕ ਮਨਜੀਤ ਪੱਪੂ, ਮਾ: ਮਨਜੀਤ ਸਿੰਘ ਵੱਸੀ ਕਾਰਜਕਾਰਨੀ ਮੈਂਬਰ ਕੇਂਦਰੀ ਪੰਜਾਬੀ ਲੇਖਕ ਸਭਾ, ਡਾ: ਕੁਲਵੰਤ ਸਿੰਘ ਬਾਠ ਸੀਨੀਅਰ ਵੈਟਰਨਰੀ ਅਫਸਰ, ਸੁਖਵੰਤ ਕੌਰ ਵੱਸੀ ਪ੍ਰਧਾਨ ਮਹਿਲਾ ਵਿੰਗ ਅਤੇ ਪ੍ਰਿੰਸੀਪਲ ਗੁਰਜੀਤ ਸਿੰਘ ਸੇਖੋਂ ਵਡਾਲਾ ਕਲਾਂ ਸ਼ੁਸ਼ੋਭਿਤ ਹੋਏ । ਇਸ ਮੌਕੇ ਵਾਈਟਨੋਟ ਸਟੂਡੀਓ ਦੀ ਪਸ਼ਕਸ਼, ਗੀਤਕਾਰ ਕੁਲਵੰਤ ਰਾਏ ਖੇੜੀ ਦਾ ਲਿਖਿਆ ਅਤੇ ਨਾਮਵਰ ਪੰਜਾਬੀ ਗਾਇਕ ਗੁਰਮੇਜ ਸਹੋਤਾ ਦਾ ਗਾਇਆ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗੀਤ "ਪੰਜਾਬੀ ਜ਼ਿੰਦਾਬਾਦ" ਵੀ ਸਮੂਹ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ । ਮੰਚ ਸੰਚਾਲਨ ਨਿਭਾ ਰਹੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੰਦਿਆਂ ਕਿਹਾ ਕਿ ਢਾਕਾ (ਵਰਤਮਾਨ ਬੰਗਲਾ ਦੇਸ਼) ਵਿੱਚ 21 ਫਰਵਰੀ 1952 ਨੂੰ ਆਪਣੀ ਮਾਂ ਬੋਲੀ ਬੰਗਾਲੀ ਦੀ ਅਜ਼ਮਤ ਲਈ ਢਾਕਾ ਵਿੱਚ ਸ਼ਹੀਦ ਹੋਏ ਪੰਜ ਨੌਜਵਾਨਾਂ ਅਬਦੁਸ ਸਲਾਮ, ਅਬੁਲ ਬਰਕਤ, ਰਫੀਕ-ਉ-ਦੀਨ ਅਹਿਮਦ, ਅਬਦੁਲ ਜੱਬਾਰ ਅਤੇ ਸਫੀ-ਉਰ-ਰਹਿਮਾਨ, ਜੋ ਖੁਦ ਕੁਰਬਾਨ ਹੋ ਕੇ ਇਸ ਦਿਨ ਨੂੰ ਦੁਨੀਆਂ ਵਿੱਚ ਹਰ ਕਿਸੇ ਲਈ ਮਾਂ ਬੋਲੀ ਦਾ ਸਨਮਾਨ ਲਈ "ਅੰਤਰਰਾਸ਼ਟਰੀ ਮਾਂ ਬੋਲੀ ਦਿਵਸ" ਸਾਡੀ ਝੋਲੀ ਪਾ ਗਏ ਹਨ, ਅਸੀਂ ਉਨ੍ਹਾਂ ਸੂਰਮਿਆਂ ਨੂੰ ਸਲਾਮ ਕਰਦੇ ਹਾਂ । ਉਨ੍ਹਾਂ ਕਿਹਾ ਕਿ ਭਾਵੇਂ ਅਸੀਨ ਵੀ ਹਰ ਸਾਲ ਇਸ ਦਿਨ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਉਂਦੇ ਆ ਰਹੇ ਹਾਂ, ਪਰ ਸਾਡੀ ਤ੍ਰਾਸਦੀ ਰਹੀ ਹੈ ਕਿ ਅੱਜ ਵੀ ਪੰਜਾਬ ਵਿੱਚ ਬਹੁਤ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਦਫਤਰਾਂ ਵਿੱਚ ਪੰਜਾਬੀ ਮਾਂ ਬੋਲੀ ਪ੍ਰਤੀ ਮਤਰੇਈ ਮਾਂ ਵਾਲਾ ਸਲੂਕ ਜਾਰੀ ਹੈ । ਜਿਸ ਲਈ ਸਾਨੂੰ ਸਰਿਆਂ ਨੂੰ ਸੰਜੀਦਗੀ ਨਾਲ ਅੱਗੇ ਆਉਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਪੰਜਾਬੀ ਮਾਂ ਬੋਲੀ ਦੇ ਮਾਣ ਸਤਿਕਾਰ ਲਈ ਸਾਨੂੰ ਆਪਣੇ ਘਰਾਂ ਤੋਂ ਹੀ ਸ਼ੁਰੂਆਤ ਕਰਨੀ ਚਾਹੀਦੀ ਹੈ । ਉਨ੍ਹਾਂ ਸਮੂਹ ਦੁਕਾਨਦਾਰ ਵੀਰਾਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਕਾਰੋਬਾਰੀ ਬੋਰਡ ਪੰਜਾਬੀ ਵਿੱਚ ਲਿਖੇ ਜਾਣ, ਘਰਾਂ ਵਿੱਚ ਬੋਲ-ਚਾਲ ਦੀ ਬੋਲੀ ਪੰਜਾਬੀ ਰੱਖੀ ਜਾਵੇ, ਵਿਆਹ-ਸ਼ਾਦੀਆਂ ਦੇ ਸੱਦੇ ਪੱਤਰ ਪੰਜਾਬੀ ਵਿੱਚ ਰੱਖੇ ਜਾਣ । ਇਸ ਮੌਕੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੋਏ ਕਵੀ ਦਰਬਾਰ ਮੌਕੇ ਗਾਇਕ ਮਨਜੀਤ ਪੱਪੂ, ਸੁਖਵੰਤ ਕੌਰ ਵੱਸੀ, ਜਸਮੇਲ ਸਿੰਘ ਜੋਧੇ, ਲਖਵਿੰਦਰ ਸਿੰਘ ਮਾਨ, ਮਨਜੀਤ ਸਿੰਘ ਵੱਸੀ, ਜੀ- ਗੁਰਦਿਆਲ, ਨਿਰਮਲ ਸਿੰਘ, ਜਸਪਿੰਦਰ ਸਿੰਘ, ਕੁਲਵੰਤ ਰਾਏ ਖੇੜੀ, ਸਕੱਤਰ ਸਿੰਘ ਪੁਰੇਵਾਲ, ਸਰਬਜੀਤ ਸਿੰਘ ਪੱਡਾ, ਅਮਰਜੀਤ ਸਿੰਘ ਘੁੱਕ, ਗੁਰਨਾਮ ਕੌਰ, ਅਮਰਜੀਤ ਕੌਰ, ਬਲਵਿੰਦਰ ਸਿੰਘ ਅਠੌਲਾ, ਮਾ: ਦਰਸ਼ਨ ਕੁਮਾਰ, ਅਮਰਜੀਤ ਸਿੰਘ ਰਤਨਗੜ੍ਹ ਨੇ ਕਾਵਿ ਰਚਨਾਵਾਂ ਰਾਹੀਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਾਵਿ ਰਚਨਾਵਾਂ ਪੇਸ਼ ਕੀਤੀਆਂ ।




# FSO CALLS SIKH PROTEST

## In support of the Farmers Protest and calling for the release of Amritpal Singh and the Sikh prisoners in Dibrugarh jail

## Sunday 25 February 2-4pm outside the Indian Consulate Birmingham

# ਇੱਕ ਨਜ਼ਰ






ਅੱਜ ਜੋ ਬੰਗਾ ਵਿਖੇ ਦੁਕਾਨ ਨੂੰ ਅੱਗ ਲੱਗਣ ਦੀ ਘਟਨਾ ਵਾਪਰੀ ਹੈ , ਇਹ ਇਕ ਮੰਦਭਾਗੀ ਘਟਨਾ ਤਾ ਹੈ ,ਪਰ ਮੈਂ ਸਮਜਦਾ ਹਾਂ ' ਇਹ ਹਾਦਸਾ ਪ੍ਰਸ਼ਾਸ਼ਨ ਦੀ ਲਾਪਰਵਾਹੀ ਕਰਕੇ ਹੀ ਹੋਇਆ ਹੈ । ਮੈਂ ਪਿਛਲੇ 4-5 ਸਾਲਾਂ ਤੋਂ ਪ੍ਰਸ਼ਾਨਿਕ ਅਧਿਕਾਰੀਆਂ ਅੱਗੇ ਅਤੇ ਕਈ ਵਾਰ ਵਿਧਾਨ ਸਭਾ ਵਿਚ ਵੀ ਫਾਇਰ ਬ੍ਰਿਗੇਡ ਸਬ-ਸਟੇਸ਼ਨ ਬੰਗਾ ਦੀ ਮੰਗ ਹਰ ਸੰਭਵ ਤਰੀਕੇ ਨਾਲ ਉਠਾਈ ਗਈ ਸੀ, ਜੇਕਰ ਸਾਡੇ ਕੋਲ ਫਾਇਰ ਬ੍ਰਿਗੇਡ ਦਾ ਇੰਤਜ਼ਾਮ ਹੁੰਦਾ ਤਾ ਏ ਜੋ ਲੱਖਾਂ ਦਾ ਨੁਕਸਾਨ ਹੋਇਆ ਇਸ ਤੋਂ ਬਚਿਆਂ ਜਾ ਸਕਦਾ ਸੀ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕੇ ਹਰ ਵਾਰ ਨੁਕਸਾਨ ਹੋਣ ਦੇ ਬਾਅਦ ਹੀ ਹਮੇਸ਼ਾ ਸਬਕ ਨਾ ਲਿਆ ਜਾਵੇ ਬਲਕਿ ਸਮੇ ਦੀ ਅਤੇ ਇਲਾਕੇ ਦੀ ਲੋੜ ਨੂੰ ਸਮਜਦਿਆ ਲੋੜੀਂਦੇ ਪੱਕੇ ਪ੍ਰਬੰਧ ਕਰ ਦੇਣੇ ਚਾਹੀਦੇ ਹਨ ਮੈਂ ਪ੍ਰਸ਼ਾਸ਼ਿਨਕ ਅਧਕਾਰੀਆਂ ਸਾਮ੍ਹਣੇ ਜਲਦੀ ਤੋਂ ਜਲਦੀ ਏ ਮੰਗ ਉਠਾਵਗਾ ' ਜੋ ਨੁਕਸਾਨ ਸਰਕਾਰ ਦੀ ਕੁਤਾਹੀ ਨਾਲ ਹੋਇਆ ਹੈ ਉਸ ਦੀ ਭਰਪਾਈ ਜਲਦੀ ਤੋਂ ਜਲਦੀ ਕੀਤੀ ਜਾਣੀ ਚਾਹੀਦੀ ਹੈ ।

## ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਵਿਖੇ ਮਨਾਇਆ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ

ਤਲਵੰਡੀ ਸਾਬੋ, 21 ਫਰਵਰੀ (ਗੁਰਜੰਟ ਸਿੰਘ ਨਥੇਹਾ)- ਜਿੱਥੇ ਵਿਸ਼ਵ ਪੱਧਰ 'ਤੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਜਾ ਰਿਹਾ ਹੈ ਉੱਥੇ ਹੀ ਤਲਵੰਡੀ ਸਾਬੋ ਦੇ ਪਿੰਡ ਲਹਿਰੀ ਦੇ ਗੁਰੂ ਹਰਗੋਬਿੰਦ ਪਬਲਿਕ ਸੀਨਰੇ ਸਕੈਂਡਰੀ ਸਕੂਲ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਉਂਦੇ ਹੋਏ "ਮਾਂ ਬੋਲੀ ਪੰਜਾਬੀ ਦਿਵਸ" ਮਨਾਇਆ ਗਿਆ। ਇਸ ਸਮਾਗਮ ਦੇ ਵਿੱਚ ਜਿੱਥੇ ਬੱਚਿਆਂ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਲੈ ਕੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਉੱਥੇ ਹੀ ਸਕੂਲ ਪ੍ਰਿੰਸੀਪਲ ਲਖਵਿੰਦਰ ਸਿੰਘ ਸਿੱਧੂ ਵੱਲੋਂ ਮਾਂ ਬੋਲੀ ਦਿਵਸ ਦੀਆਂ ਮੁਬਾਰਕਾਂ ਦਿੰਦੇ ਹੋਏ ਮਾਂ ਬੋਲੀ ਨੂੰ ਬਚਾਉਣ ਅਤੇ ਮਾਂ ਬੋਲੀ ਨਾਲ ਪਿਆਰ ਕਰਨ ਦੀ ਅਪੀਲ ਕੀਤੀ। ਉੱਥੇ ਹੀ ਅੰਗਰੇਜ਼ ਵਿਦਵਾਨ ਦੀ ਗੱਲ ਕਿ "ਜਾਹ ਤੇਰੀ ਮਾਂ ਬੋਲੀ ਭੁੱਲ ਜਾਏ" ਬਾਰੇ ਮਾਂ ਬੋਲੀ ਸਬੰਧੀ ਭਰਪੂਰ ਚਾਨਣਾ ਪਾਇਆ। ਇਸ ਸਬੰਧੀ ਵੱਡੀ ਮਿਹਨਤ ਕਰਕੇ ਬੱਚਿਆਂ ਨੂੰ ਬਿਠਾ ਕੇ "ਮਾਂ ਬੋਲੀ ਪੰਜਾਬੀ" ਚਿੰਨ੍ਹ ਬਣਾਇਆ ਗਿਆ। ਇਸ ਮੌਕੇ ਸੁਸਾਇਟੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਸਿੱਧੂ ਅਤੇ ਸਕੱਤਰ ਸ਼੍ਰੀਮਤੀ ਪਰਮਜੀਤ ਕੌਰ ਵੱਲੋਂ ਬੱਚਿਆਂ ਨੂੰ ,÷ਮਾਂ ਬੋਲੀ ਦਿਵਸ" ਦੀਆਂ ਮੁਬਾਰਕਾਂ ਦਿੰਦੇ ਹੋਏ "ਮਾਂ ਬੋਲੀ ਪੰਜਾਬੀ" ਚਿੰਨ੍ਹ ਬਣਾਉਣ ਦੀ ਸਰਾਹਨਾ ਕੀਤੀ ਅਤੇ ਅਪੀਲ ਕੀਤੀ ਕਿ ਬੇਸ਼ੱਕ ਸਾਨੂੰ ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਸਿੱਖਣੀ ਜਰੂਰੀ ਹੈ ਪ੍ਰੰਤੂ ਆਪਣੀ ਮਾਤ ਭਾਸ਼ਾ ਨੂੰ ਵੀ ਦਿਲ 'ਚ ਵਸਾ ਕੇ ਰੱਖਣਾ ਚਾਹੀਦਾ ਹੈ, ਕਦੀ ਭੁੱਲਣਾ ਨਹੀਂ ਚਾਹੀਦਾ। ਇਸ ਮੌਕੇ ਬੱਚਿਆਂ ਵਲੋਂ ਵੀ ਮਾਂ ਬੋਲੀ ਪੰਜਾਬੀ ਨੂੰ ਸਦਾ ਚੇਤੇ ਰੱਖਣ ਲਈ ਪ੍ਰਣ ਲਿਆ। ਇਸ ਮੌਕੇ ਸਮੁੱਚਾ ਸਟਾਫ ਹਾਜ਼ਰ ਸੀ।

## ਐਸ ਐਚ ਸੀ ਚੰਨਣਕੇ ਵਿੱਚ ਮਮਤਾ ਦਿਵਸ ਮਨਾਇਆ ਗਿਆ



ਚੌਕ ਮਹਿਤਾ, 21ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ) ਪਿੰਡ ਚੰਨਣਕੇ ਐਸ ਐਚ ਸੀ ਵਿੱਚ ਮਮਤਾ ਦਿਵਸ ਮਨਾਇਆ ਗਿਆ ਜਿਸ ਵਿੱਚ ਗਰਭਵਤੀ ਔਰਤਾਂ ਅਤੇ ਪੰਜ ਸਾਲ ਤੋਂ ਘੱਟ ਬੱਚਿਆਂ ਦਾ ਟੀਕਾਕਰਨ ਕੀਤਾ ਗਿਆ ਅਤੇ ਲੋਕਾਂ ਨੂੰ ਟੀਕਾਕਰਨ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਗਰਭਵਤੀ ਔਰਤਾਂ ਦੀ ਮੌਤ ਦਰ ਨੂੰ ਘੱਟ ਕਰਨ ਲਈ ਗਰਭਵਤੀ ਔਰਤਾਂ ਨੂੰ ਗਰਭ ਦੇ ਦੌਰਾਨ ਚੰਗੀ ਸਿਹਤ ਤੇ ਖੁਰਾਕ ਤੇ ਖਤਰੇ ਦੇ ਚਿੰਨਾ ਬਾਰੇ ਦੱਸਿਆ ਗਿਆ। ਇਸ ਦੌਰਾਨ ਮੈਡੀਕਲ ਅਫ਼ਸਰ ਸ, ਗੁਰਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਨਵੇ ਜਨਮੇ ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ। ਅਤੇ ਸਾਫ ਸਫਾਈ ਦਾ ਖਿਆਲ ਰੱਖਣਾ ਚਾਹੀਦਾ ਹੈ। ਸਾਨੂੰ ਆਪਣੇ ਹੱਥ ਸਾਬਣ ਨਾਲ ਵਾਰ ਵਾਰ ਧਿਉਣੇ ਚਾਹੀਦੀ ਹਨ। ਇਸ ਦੌਰਾਨ ਮੈਡੀਕਲ ਅਫ਼ਸਰ ਡਾ, ਗੁਰਜੀਤ ਸਿੰਘ ਢਿੱਲੋਂ, ਰਵਦੀਪ ਸਿੰਘ ਬੁੱਟਰ ਫਾਰਮਾਸਿਸਟ, ਡਾ, ਭਾਵਨਾ ਸੀ ਐਚ ਉ, ਕੋਮਲਪ੍ਰੀਤ ਕੌਰ ਏ ਐਨ ਐਮ, ਗੁਰਮੁੱਖ ਸਿੰਘ ਚੰਨਣਕੇ ਬੀ ਈ, ਨਿਰਮਲ ਸਿੰਘ ਹੈਲਥ ਵਰਕਰ, ਸਰਬਜੀਤ ਕੌਰ ਆਸਾ ਵਰਕਰ, ਰਾਜਵਿੰਦਰ ਕੌਰ ਆਸਾ ਵਰਕਰ, ਜਸ਼ਨ ਆਸਾ ਵਰਕਰ, ਅਮਨਦੀਪ ਕੌਰ ਆਸਾ ਵਰਕਰ, ਜਸਵੰਤ ਸਿੰਘ ਸੇਵਾਦਾਰ, ਆਦਿ ਹਾਜ਼ਰ ਸਨ।

## ੋਲ ਪਲਾਜ਼ਾ ਤੇ ਧਰਨਾ ਦੂਜੇ ਦਿਨ ਵੀ ਜਾਰੀ

ਤਲਵੰਡੀ ਸਾਬੋ, 21 ਫਰਵਰੀ (ਗੁਰਜੰਟ ਸਿੰਘ ਨਥੇਹਾ)- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਤਲਵੰਡੀ ਸਾਬੋ ਦੇ ਸ਼ੇਖਪੁਰਾ ਸਥਿਤ ਟੋਲ ਪਲਾਜ਼ਾ ਤੇ ਅੱਜ ਦੂਜੇ ਦਿਨ ਵੀ ਜਾਰੀ ਜਿਸਦੀ ਪ੍ਰਧਾਨਗੀ ਰਾਜਮਹਿੰਦਰ ਸਿੰਘ ਕੋਟਭਾਰਾ ਜਿਲ੍ਹਾ ਜਰਨਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਕੀਤੀ ਅਤੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਭਾਵੇਂ ਸੰਯੁਕਤ ਕਿਸਾਨ ਮੋਰਚੇ ਨੇ ਇਹ ਧਰਨੇ ਤਿੰਨ ਦਿਨਾਂ ਦੇ ਪ੍ਰੋਗਰਾਮ ਦਿੱਤੇ ਗਏ ਹਨ ਜੇ ਸਰਕਾਰ ਕਿਸਾਨੀ ਮੰਗਾਂ ਨਹੀਂ ਮੰਨਦੀ ਜਾਂ ਪੰਜਾਬ ਹਰਿਆਣਾ ਦੇ ਬਾਰਡਰਾਂ ਤੇ ਕਿਸਾਨਾਂ ਤੇ ਕੀਤੇ ਗਏ ਹਮਲਿਆਂ ਦੇ ਦੋਸ਼ੀ ਅਫ਼ਸਰਾਂ ਤੇ ਕਾਰਵਾਈ ਨਹੀਂ ਕਰਦੀ ਸੰਯੁਕਤ ਮੋਰਚੇ ਦੀ ਅਗਲੀ ਮੀਟਿੰਗ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ ਵੀ ਕੀਤਾ ਜਾ ਸਕਦਾ ਹੈ। ਅੱਜ ਵੀ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਸੁਖਮੰਦਰ ਸਿੰਘ ਪੰਜਾਬ ਆਗੂ ਜਮਹੂਰੀ ਕਿਸਾਨ ਸਭਾ, ਕਾਮਰੇਡ ਮੱਖਣ ਸਿੰਘ ਗੁਰੂਸਰ ਨੇ ਵੀ ਸਟੇਜ ਤੋਂ ਬੋਲਦਿਆਂ ਕਿਹਾ ਕਿ ਜਦ ਤੱਕ ਕਿਸਾਨ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਸੰਘਰਸ਼ ਜਾਰੀ ਰਹਿਣਗੇ। ਇਸ ਮੌਕੇ ਲਛਮਣ ਸਿੰਘ ਭਾਗੀਵਾਂਦਰ ਬਲਾਕ ਪ੍ਰਧਾਨ ਤਲਵੰਡੀ ਸਾਬੋ ਭਾਕਿਯੂ ਡਕੌਂਦਾ, ਮੰਦਰ ਸਿੰਘ ਕੋਟਭਾਰਾ ਜਰਨਲ ਸਕੱਤਰ ਭਾਕਿਯੂ ਡਕੌਂਦਾ ਆਦਿ ਹਾਜ਼ਰ ਸਨ।







ਗੁਰਦੁਆਰਾ ਸੰਤ ਖਾਲਸਾ, ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਪਿੰਡ ਰੋਡੇ ਵਿਖੇ ਧਾਰਮਿਕ ਸਮਾਗਮ ਚੱਲ ਰਹੇ ਹਨ ਜਿਥੇ ਸਿੱਖ ਪੰਥ ਦੀਆਂ ਸਿਰਮੌਰ ਸ਼ਖਸੀਅਤਾਂ ਨੇ ਹਾਜਰੀਆਂ ਭਰੀਆਂ

### ਕਿਸਾਨਾਂ ਤੇ ਹੋ ਰਿਹਾ ਹਕੂਮਤੀ ਜ਼ਬਰ ਬੰਦ ਹੋਵੇ

## ਵਰਨਾ ਬੰਗਲਾਦੇਸ਼ ਦੀ ਤਰ੍ਹਾਂ ਮੁਲਕ ਦੇ ਟੋਟੇ ਹੋਣ ਤੋਂ ਨਹੀਂ ਰੁਕ ਸਕੇਗਾ : ਮਾਨ



ਨਵੀਂ ਦਿੱਲੀ, 21 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- "ਕਿਸਾਨ ਵਰਗ ਬਹੁਤ ਮਿਹਨਤ ਮੁਸੱਕਤ ਨਾਲ ਮੁਲਕ ਨਿਵਾਸੀਆਂ ਦਾ ਢਿੱਡ ਭਰਨ ਦੀ ਜਿੰਮੇਵਾਰੀ ਨਿਭਾਉਦਾ ਹੈ ਜੋ ਮੀਹ, ਕਣੀ, ਤੂਫਾਨ, ਗਰਮੀ-ਸਰਦੀ, ਹੜ੍ਹਾਂ ਦਾ ਮੁਕਾਬਲਾ ਕਰਦੇ ਹੋਏ ਵੀ ਇਸ ਜਿੰਮੇਵਾਰੀ ਨੂੰ ਪੂਰਨ ਕਰਦਾ ਹੈ । ਪਰ ਸਰਕਾਰਾਂ ਵੱਲੋ ਉਨ੍ਹਾਂ ਦੀਆਂ ਪੈਦਾਵਾਰ ਫਸਲਾਂ ਦੀ ਐਮ.ਐਸ.ਪੀ ਨਾ ਦੇ ਕੇ, ਸੁਆਮੀਨਾਥਨ ਰਿਪੋਰਟ ਦੇ ਸੁਝਾਵਾਂ ਨੂੰ ਲਾਗੂ ਨਾ ਕਰਕੇ ਅਤੇ ਉਨ੍ਹਾਂ ਉਤੇ ਸਰਕਾਰੀ ਗਲਤ ਨੀਤੀਆ ਦੀ ਬਦੌਲਤ ਚੜ੍ਹੇ ਕਰਜੇ ਨੂੰ ਖਤਮ ਨਾ ਕਰਕੇ ਇਕ ਤਾਂ ਪਹਿਲੋ ਹੀ ਵੱਡੀ ਬੇਇਨਸਾਫ਼ੀ ਕਰ ਰਹੀਆ ਹਨ, ਦੂਸਰਾ ਜਦੋ ਉਹ ਆਪਣੀਆ ਜਾਇਜ ਮੰਗਾਂ ਦੇ ਲਈ ਜਮਹੂਰੀਅਤ ਤੇ ਅਮਨਮਈ ਢੰਗ ਨਾਲ ਰੋਸ ਮੁਜਾਹਰੇ, ਰੈਲੀਆ ਕਰਦੇ ਹਨ, ਤਾਂ ਉਨ੍ਹਾਂ ਉਤੇ ਦੂਸਰੇ ਮੁਲਕ ਉਤੇ ਹਮਲਾ ਕਰਨ ਦੀ ਤਰ੍ਹਾਂ ਰਬੜ ਦੀਆਂ ਗੋਲੀਆ, ਅੱਥਰੂ ਗੈਸ, ਪਾਣੀ ਦੀਆਂ ਬੁਛਾੜਾ, ਸਰੀਰਕ ਤੌਰ ਤੇ ਨਕਾਰਾ ਕਰਨ ਵਾਲੇ ਸਮੁੰਦਰੀ ਡਾਕੂਆਂ ਲਈ ਵਰਤੇ ਜਾਣ ਵਾਲੇ ਸਾਈਰਨ ਆਦਿ ਗੈਰ ਵਿਧਾਨਿਕ ਯੰਤਰਾਂ ਦੀ ਵਰਤੋ ਕਰਕੇ ਮਨੁੱਖੀ ਅਧਿਕਾਰਾਂ ਦਾ ਘੋਰ ਉਲੰਘਣ ਕੀਤਾ ਜਾ ਰਿਹਾ ਹੈ । ਜਿਸਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੇਵਲ ਸਖਤ ਸ਼ਬਦਾਂ ਵਿਚ ਨਿੰਦਾ ਹੀ ਨਹੀ ਕਰਦੀ, ਬਲਕਿ ਸੈਟਰ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਸੰਜ਼ੀਦਗੀ ਨਾਲ ਖ਼ਬਰਦਾਰ ਵੀ ਕਰਦੀ ਹੈ ਕਿ ਜੇਕਰ ਕਿਸਾਨ ਵਰਗ ਉਤੇ ਕੀਤਾ ਜਾ ਰਿਹਾ ਜ਼ਬਰ ਬੰਦ ਨਾ ਕੀਤਾ ਗਿਆ ਤਾਂ ਇਸ ਗੱਲ ਤੋ ਇਨਕਾਰ ਨਹੀ ਕੀਤਾ ਜਾ ਸਕੇਗਾ ਕਿ ਬੰਗਲਾਦੇਸ਼ ਦੀ ਤਰ੍ਹਾਂ ਇਸ ਮੁਲਕ ਦੇ ਟੋਟੇ ਹੋਣ ਲਈ ਇਹ ਹੁਕਮਰਾਨ ਹੀ ਸਿੱਧੇ ਤੌਰ ਤੇ ਜਿੰਮੇਵਾਰ ਹੋਣਗੇ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੰਭੂ ਬਾਰਡਰ ਉਤੇ ਅਤੇ ਖਨੌਰੀ ਬਾਰਡਰ ਉਤੇ ਵੱਡੀ ਗਿਣਤੀ ਵਿਚ ਆਪਣੀਆ ਮੰਗਾਂ ਦੇ ਹੱਕ ਵਿਚ ਇੱਕਤਰ ਹੋ ਕੇ ਕਿਸਾਨਾਂ ਉਤੇ ਹਰਿਆਣਾ ਦੀ ਅਤੇ ਸੈਟਰ ਸਰਕਾਰਾਂ ਵੱਲੋ ਜ਼ਬਰ ਢਾਹੁਣ ਦੀ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਸੈਟਰ ਦੀ ਮੁਤੱਸਵੀ ਸਰਕਾਰ ਕੇਵਲ ਬਹੁਗਿਣਤੀ ਹਿੰਦੂਪੱਖੀ ਸੋਚ ਨੂੰ ਲੈਕੇ ਹੀ ਅਜਿਹੇ ਅਮਲ ਕਰ ਰਹੀ ਹੈ ਜਿਸ ਨਾਲ ਵੱਖ-ਵੱਖ ਕੌਮਾਂ, ਧਰਮਾਂ ਵਿਚ ਨਫਰਤ ਪੈਦਾ ਕਰਕੇ ਸਥਿਤੀ ਨੂੰ ਵਿਸਫੋਟਕ ਬਣਾ ਰਹੀ ਹੈ । ਜਿਸ ਨਾਲ ਮਸਲੇ ਹੱਲ ਹੋਣ ਦੀ ਬਜਾਇ ਹੋਰ ਗੁੰਝਲਦਾਰ ਹੋਣਗੇ ਅਤੇ ਅਜਿਹੇ ਅਮਲ ਮੁਲਕ ਦੇ ਟੋਟੇ ਕਰਵਾਉਣ ਵਿਚ ਵਾਧਾ ਕਰਨਗੇ ਨਾ ਕਿ ਇਥੋ ਦੇ ਨਿਵਾਸੀਆ ਦੀ ਸੰਤੁਸਟੀ ਕਰਵਾਉਣ ਵਿਚ । ਇਸ ਲਈ ਸਰਕਾਰ ਲਈ ਬਿਹਤਰ ਹੋਵੇਗਾ ਕਿ ਉਹ ਤੁਰੰਤ ਕਿਸਾਨ ਵਰਗ ਨਾਲ ਬੀਤੇ ਡੇਢ ਸਾਲ ਪਹਿਲੇ ਕੀਤੇ ਵਾਅਦੇ ਅਨੁਸਾਰ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਚੱਲ ਰਹੇ ਕਿਸਾਨ ਅੰਦੋਲਨ ਨੂੰ ਖਤਮ ਕਰੇ ਅਤੇ ਮਾਹੌਲ ਨੂੰ ਸੁਖਾਵਾਂ ਬਣਾਏ । ਉਨ੍ਹਾਂ ਕਿਹਾ ਕਿ ਸ੍ਰੀ ਲਾਲ ਬਹਾਦਰ ਸਾਸਤਰੀ ਜਦੋ ਵਜੀਰ ਏ ਆਜਮ ਸਨ ਤਾਂ ਉਨ੍ਹਾਂ ਨੇ ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਦੇ ਕੇ ਕਿਸਾਨ ਤੇ ਜਵਾਨਾਂ ਦੇ ਸਤਿਕਾਰ ਮਾਣ ਨੂੰ ਕਾਇਮ ਰੱਖਿਆ ਸੀ । ਪਰ ਅਜੋਕੇ ਹੁਕਮਰਾਨ ਜੋ ਕੁਝ ਕਿਸਾਨਾਂ ਨਾਲ ਕਰ ਰਹੇ ਹਨ ਉਹ ਸਭ ਦੇ ਸਾਹਮਣੇ ਹੈ ਅਤੇ ਜੋ ਜਵਾਨ ਹਨ ਉਨ੍ਹਾਂ ਨੂੰ ਕੇਵਲ 4 ਸਾਲਾਂ ਲਈ ਭਰਤੀ ਕਰਕੇ ਉਨ੍ਹਾਂ ਦੇ ਭਵਿੱਖ ਨਾਲ ਤੇ ਮੁਲਕ ਨਾਲ ਖਿਲਵਾੜ ਕਰ ਰਹੇ ਹਨ । ਜਦੋਕਿ ਐਨੇ ਥੋੜੇ ਸਮੇ ਵਿਚ ਤਾਂ ਇਕ ਫੌਜੀ ਦੀ ਹਥਿਆਰ ਚਲਾਉਣ ਦੀ ਟ੍ਰੇਨਿੰਗ ਵੀ ਪੂਰੀ ਨਹੀ ਹੁੰਦੀ । ਫਿਰ ਇਹ ਉਨ੍ਹਾਂ ਜਵਾਨਾਂ ਦੀ ਸਹੀ ਵਰਤੋ ਕਿਵੇ ਕਰਨਗੇ ਅਤੇ ਜਵਾਨੀ ਵਿਚ ਪੈਦਾ ਹੋਈ ਬੇਚੈਨੀ ਨੂੰ ਕਿਵੇ ਸਮਾਪਤ ਕਰਨਗੇ ?

### ਭਾਜਪਾ ਕਾਰਕੁਨਾਂ ਵਲੋਂ ਸਿੱਖ ਪੁਲਿਸ ਅਧਿਕਾਰੀ ਨੂੰ ਖਾਲਿਸਤਾਨੀ ਕਹਿਣਾ ਅਤਿ ਸ਼ਰਮਨਾਕ: ਪਰਮਜੀਤ ਸਿੰਘ ਸਰਨਾ

## ਸਿੱਖਾਂ ਨੂੰ ਦੇਸ਼ਭਗਤ ਸਾਬਤ ਕਰਨ ਲਈ ਭਾਜਪਾ ਜਾਂ ਕਿਸੇ ਹੋਰ ਤੋਂ ਨਹੀਂ ਚਾਹੀਦਾ ਪ੍ਰਮਾਣ-ਪੱਤਰ



ਨਵੀਂ ਦਿੱਲੀ, 21 ਫਰਵਰੀ (ਮਨਪ੍ਰੀਤ ਸਿੰਘ ਖਾਲਸਾ): ਪੱਛਮੀ ਬੰਗਾਲ ਵਿੱਚ ਭਾਜਪਾਈ ਕਾਰਕੁਨ੍ਹਾਂ ਦੇ ਪ੍ਰਦਰਸ਼ਨ ਦੇ ਦੌਰਾਨ ਭਾਜਪਾ ਵਰਕਰਾਂ ਦੁਆਰਾ ਆਈਪੀਐਸ ਅਧਿਕਾਰੀ ਜਸਪ੍ਰੀਤ ਸਿੰਘ ਨੂੰ ਖਾਲਿਸਤਾਨੀ ਕਹਿਣ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਰਨਾ ਨੇ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਹੈ। ਜਾਰੀ ਕੀਤੇ ਬਿਆਨ ਵਿੱਚ ਸਰਦਾਰ ਸਰਨਾ ਨੇ ਕਿਹਾ ਕਿ ਇੱਕ ਸਿੱਖ ਪੁਲਿਸ ਅਧਿਕਾਰੀ ਦੀ ਦਸਤਾਰ ਦੇਖ ਕੇ ਉਨ੍ਹਾਂ ਨੂੰ ਖਾਲਿਸਤਾਨੀ ਕਹਿਣਾ ਨਿੰਦਣਯੋਗ ਹੈ ਅਤੇ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਤੀਕ ਹੈ। ਓਹ ਆਪਣੀ ਨੌਕਰੀ ਪ੍ਰਤੀ ਈਮਾਨਦਾਰੀ ਦੀ ਜ਼ਿੰਮੇਵਾਰੀ ਨਿਭਾ ਰਹੇ ਸੀ ਪਰ ਭਾਜਪਾ ਦੇ ਕਾਰਕੁਨ੍ਹਾਂ ਤੋਂ ਇਹ ਬਰਦਾਸ਼ਤ ਨਹੀਂ ਹੋਇਆ, ਇਸ ਲਈ ਉਨ੍ਹਾਂ ਨੇ ਉਨ੍ਹਾਂ ਦੇ ਨਾਲ ਦੁਰਵਿਵਹਾਰ ਕੀਤਾ ਜੋ ਕਿ ਹਰ ਹਾਲਤ ਵਿੱਚ ਸ਼ਰਮਨਾਕ ਅਤੇ ਗੰਦੀ ਹਰਕਤ ਹੈ। ਇਸ ਨਾਲ ਇਹ ਸਾਬਤ ਹੋ ਰਿਹਾ ਹੈ ਕਿ ਹੁਣ ਇਸ ਦੇਸ਼ ਵਿੱਚ ਕਿਸੇ ਵੀ ਸਰਕਾਰੀ ਅਧਿਕਾਰੀ ਲਈ ਆਪਣੀ ਜ਼ਿੰਮੇਵਾਰੀ ਨਿਭਾਉਣਾ ਮੁਸ਼ਕਲ ਹੈ । ਵਿਸ਼ੇਸ਼ਤੌਰ ਉੱਤੇ ਜੇ ਉਹ ਸਿੱਖ ਭਾਈਚਾਰੇ ਤੋਂ ਹੈ । ਉਨ੍ਹਾਂ ਕਿਹਾ ਕਿ ਸੱਭਿਆਚਾਰਕ ਭਾਈਚਾਰਾ ਇਸ ਗੱਲ ਤੋਂ ਜਾਣੂ ਹੈ ਕਿ ਸਿੱਖ ਕੌਮ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨੀਆਂ ਸਭ ਤੋਂ ਵੱਧ ਕੁਰਬਾਣੀਆਂ ਦਿੱਤੀਆਂ ਹਨ । ਅੱਜ ਵੀ ਸਿੱਖ ਸੈਨਿਕ ਦੇਸ਼ ਦੀਆਂ ਸੀਮਾਵਾਂ 'ਤੇ ਆਪਣੀ ਜਾਨ ਤੱਕ ਨਿਆਉਛਾਵਰ ਕਰ ਦੇਂਦੇ ਹਨ । ਇਸ ਲਈ ਸਿਖਾਂ ਨੂੰ ਦੇਸ਼ਭਗਤ ਸਾਬਤ ਕਰਨ ਲਈ ਭਾਜਪਾ ਜਾਂ ਕਿਸੇ ਹੋਰ ਤੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਅੱਜ ਪੂਰੇ ਦੇਸ਼ ਵਿੱਚ ਸਿੱਖਾਂ ਦੇ ਵਿਰੁੱਧ ਜਿਸ ਤਰ੍ਹਾਂ ਦਾ ਮਹੌਲ ਬਣਾਇਆ ਜਾ ਰਿਹਾ ਹੈ, ਇੱਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਇਸ ਨਾਲ ਸਿਖਾਂ ਦਾ ਨਹੀਂ, ਦੇਸ਼ ਦਾ ਨੁਕਸਾਨ ਹੈ।

## ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਲਈ ਵਿਸ਼ੇਸ਼ ਕੈਂਪ 25 ਫਰਵਰੀ :ਫੈਡਰੇਸ਼ਨ ਮਹਿਤਾ

ਫ਼ਿਰੋਜ਼ਪੁਰ, 21 ਫਰਵਰੀ (ਮਨੋਹਰ ਲਾਲ) :— ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆ ਰਹੀਆਂ ਆਮ ਚੋਣਾਂ ਲਈ ਚੋਣ ਕਮਿਸ਼ਨ ਅਤੇ ਸਰਕਾਰ ਦੀ ਹਦਾਇਤਾਂ ਅਨੁਸਾਰ ਸਾਰੇ ਜ਼ਿਲ੍ਹਿਆਂ ਵਿਚ ਵੋਟਾਂ ਬਨਾਉਣ ਦੀ ਪ੍ਰਕ੍ਰਿਆ ਜੰਗੀ ਪੱਧਰ ਤੇ ਚੱਲ ਰਹੀ ਹੈ, ਜਿਸ ਦੀ ਆਖਰੀ ਤਰੀਕ 29 ਫਰਵਰੀ ਹੈ। ਵੋਟਰਾਂ ਦੀ ਮੁਸ਼ਿਕਲ ਨੂੰ ਸਮਝਦਿਆਂ ਧਾਰਮਿਕ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਵੱਲੋਂ ਇਕ ਵਿਸ਼ੇਸ਼ ਕੈਂਪ ਮਖੂ ਗੇਟ ਦੇ ਬਾਹਰ ਨਜਦੀਕ ਆਰ.ਐਸ.ਡੀ ਕਾਲਜ ਵਿਖੇ 25 ਫਰਵਰੀ ਨੂੰ ਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਕੌਮੀ ਜਨਰਲ ਸਕੱਤਰ ਗਗਨਦੀਪ ਸਿਘ ਚਾਵਲਾ ਤੇ ਕੌਮੀ ਸਕੱਤਰ ਜਰਨੈਲ ਸਿੰਘ ਗਾਬੜੀਆ ਨੇ ਦੱਸਿਆ ਕਿ ਵੋਟਰਾਂ ਦੀ ਮੁਸ਼ਕਤ ਨੂੰ ਦੇਖਦਿਆਂ ਜਿਹੜੇ ਵੋਟਰ ਦਫਤਰਾਂ ਵਿਚ ਨਹੀਂ ਜਾ ਸਕਦੇ, ਉਨ੍ਹਾਂ ਦੇ ਫਾਰਮ ਇਸ ਕੈਂਪ ਵਿਚ ਭਰੇ ਜਾਣਗੇ। ਉਪਰੋਕਤ ਆਗੂਆਂ ਨੇ ਸਿੱਖ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਾਲ ਆਧਾਰ ਕਾਰਡ ਦੀ ਫੋਟੋ ਕਾਪੀ ਅਤੇ ਇਕ ਪਾਸਪੋਰਟ ਸਾਈਜ ਦੀ ਫੋਟੋ ਜ਼ਰੂਰ ਲੈ ਕੇ ਆਉਣ ਤਾਂ ਕਿ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਸ ਕੈਂਪ 25 ਫਰਵਰੀ ਨੂੰ ਸਵੇਰੇ 10 ਵਜੇ ਤੋਂ ਲੈ ਕੇ ਤਿੰਨ ਵਜੇ ਤੱਕ ਲੱਗੇਗਾ। ਇਸ ਸਮੇਂ ਭਾਈ ਜ਼ਸਪਾਲ ਸਿੰਘ, ਜਰਨੈਲ ਸਿੰਘ ਗਾਬੜੀਆ ਤੇ ਗਗਨਦੀਪ ਸਿੰਘ ਚਾਵਲਾ ਤੋਂ ਇਲਾਵਾ ਅਮਰਰ ਸਿੰਘ, ਡਾ: ਗੁਰਮੀਤ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਬੱਬੀ ਆਦਿ ਹਾਜਰ ਸਨ।




# ਹਰਿਆਣਾ ਸਰਕਾਰ ਕਿਸਾਨਾਂ ਤੇ ਤਸ਼ੱਦਦ ਢਾਹੁਣੇ ਬੰਦ ਕਰੇ: ਨੰਢਾ



ਫ਼ਿਰੋਜ਼ਪੁਰ, 21 ਫਰਵਰੀ (ਮਨੋਹਰ ਲਾਲ) :— ਪਿਛਲੇ ਕਈ ਦਿਨਾਂ ਤੋਂ ਦਿੱਲੀ ਕੂਚ ਕਰਨ ਲਈ ਧਰਨਾ ਲਗਾ ਕੇ ਬੈਠੇ ਨਿਰਦੋਸ਼ ਕਿਸਾਨਾਂ ਉਪਰ ਨਿਰੰਤਰ ਤਸ਼ੱਦਦ ਢਾਹਿਆ ਜਾ ਰਿਹਾ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਭਾਈ ਕੁਲਦੀਪ ਸਿੰਘ ਨੰਢਾ ਸ਼ਹਿਰੀ ਪਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਸ਼ੰਭੂ ਬਾਰਡਰ ਤੇ ਬੈਠੇ ਪੰਜਾਬ ਦੇ ਕਿਸਾਨਾਂ ਉਤੇ ਹਰਿਆਣਾ ਪੁਲਿਸ ਵੱਲੋਂ ਚਲਾਈਆਂ ਰਬੜ ਦੀਆਂ ਗੋਲੀਆਂ ਨਾਲ ਸੈਂਕੜੇ ਕਿਸਾਨ ਜਖਮੀ ਹੋ ਗਏ ਹਨ ਜੋ ਪੰਜਾਬ ਦੇ ਵੱਖ—ਵੱਖ ਹਸਪਤਾਲਾਂ ਵਿੱਚ ਦਾਖ਼ਲ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਉਪਰ ਅੰਨ੍ਹੇ ਵਾਹ ਚਲਾਏ ਗਏ ਅੱਥਰੂ ਗੈਸ ਦੇ ਗੋਲਿਆਂ ਨੇ ਵੀ ਬਜੁਰਗ ਕਿਸਾਨਾਂ ਦਾ ਬਹੁਤ ਬੁਰਾ ਹਾਲ ਕੀਤਾ ਹੈ। ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਤੇ ਕੀਤੇ ਇਸ ਅੰਨ੍ਹੇ ਤਸ਼ੱਦਦ ਦੀ ਨਿਖੇਧੀ ਕਰਦਿਆਂ ਭਾਈ ਕੁਲਦੀਪ ਸਿੰਘ ਨੰਢਾ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰੇ। ਉਨ੍ਹਾਂ ਕਿਹਾ ਕਿ ਕਿਸਾਨ ਦੇਸ਼ ਦਾ ਅੰਨਦਾਤਾ ਹੈ ਅਤੇ ਦੇਸ਼ ਦੀ ਜਨਤਾ ਦਾ ਪਾਲਣ—ਪੋਸ਼ਣ ਕਿਸਾਨ ਬਿਨਾਂ ਸੰਭਵ ਨਹੀਂ ਹੈ। ਉਹਨਾਂ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਕਿਸਾਨੀ ਹੱਕਾਂ ਵਾਸਤੇ ਹਮੇਸ਼ਾ ਡਟਦੀ ਰਹੀ ਹੈ ਅਤੇ ਡਟੀ ਰਹੇਗੀ। ਉਹਨਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨ ਵਰਗ ਦੀਆਂ ਮੁਸ਼ਕਲਾਂ ਦਾ ਹੱਲ ਕਰਕੇ ਸਮੁੱਚੇ ਉਤਰੀ ਖਿੱਤੇ ਦਾ ਮਾਹੌਲ ਸ਼ਾਂਤ ਕੀਤਾ ਜਾਵੇ। ਇਸ ਸਮੇਂ ਉਨ੍ਹਾਂ ਦੇ ਨਾਲ ਭਾਈ ਜਸਪਾਲ ਸਿੰਘ ਕੌਮੀ ਸੀਨੀਅਰ ਮੀਤ ਪ੍ਰਧਾਨ, ਸੁਖਦੇਵ ਸਿੰਘ ਲਾਡਾ, ਜਸਬੀਰ ਸਿੰਘ ਤੇਗਾ ਸਿੰਘ ਵਾਲਾ, ਡਾ: ਗੁਰਮੀਤ ਸਿੰਘ, ਜਰਨੈਲ ਸਿੰਘ ਗਾਬੜੀਆ, ਅਮਰ ਸਿੰਘ ਗਾਬੜੀਆ, ਗੁਰਮੇਲ ਸਿੰਘ, ਬਲਕਾਰ ਸਿੰਘ, ਪਰਮਜੀਤ ਸਿੰਘ ਸੋਢੀ, ਜਗਤਾਰ ਸਿੰਘ ਕੰਬੋਜ, ਜਗਤਾਰ ਸਿੰਘ ਜੋਸਨ, ਮੰਗਲ ਸਿੰਘ, ਅਵਤਾਰ ਸਿੰਘ ਜੋਸਨ ਆਦਿ ਫੈਡਰੇਸ਼ਨ ਵਰਕਰ ਹਾਜ਼ਰ ਸਨ।

# ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਮੰਚ ਵੱਲੋਂ ਪੰਡਿਤ ਬ੍ਰਹਮਾ ਨੰਦ ਜੀ ਦੀ ਯਾਦ 'ਚ ਕਵੀਸ਼ਰੀ ਦਰਬਾਰ ਕਰਵਾਇਆ





ਤਲਵੰਡੀ ਸਾਬੋ, 21 ਫਰਵਰੀ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਸਾਹਿਤ ਸਭਾ ਤੇ ਕਵੀਸ਼ਰੀ ਵਿਕਾਸ ਮੰਚ (ਰਜਿ) ਤਲਵੰਡੀ ਸਾਬੋ ਵੱਲੋਂ ਪੰਡਿਤ ਬ੍ਰਹਮਾਨੰਦ ਜੀ ਡਿੱਖਾਂ ਵਾਲਿਆਂ ਦੀ ਯਾਦ ਨੂੰ ਸਮਰਪਿਤ ਇਕ ਕਵੀਸ਼ਰੀ ਦਰਬਾਰ ਕਰਵਾਇਆ ਗਿਆ।ਜਿਸ ਵਿਚ ਕਵੀਸ਼ਰੀ ਅਤੇ ਸਾਹਿਤ ਵਿੱਚ ਯੋਗ ਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਮੰਚ ਵੱਲੋਂ ਸਨਮਾਨਿਤ ਵੀ ਕੀਤਾ ਗਿਆ।ਇਸ ਕਰਵਾਏ ਗਏ ਕਵੀਸ਼ਰੀ ਦਰਬਾਰ ਦੇ ਵਿੱਚ ਬਿੰਦਰ ਸਿੰਘ ਢਿਲਵਾਂ, ਮਾਸਟਰ ਰੇਵਤੀ ਪ੍ਰਸ਼ਾਦ ਸ਼ਰਮਾ ਰਾਸ਼ਟਰਪਤੀ ਅਵਾਰਡ ਜੇਤੂ, ਦਰਸ਼ਨ ਸਿੰਘ ਚੱਠਾ, ਭਾਈ ਮਾਨ ਸਿੰਘ ਲਿਖਾਰੀ, ਭਾਈ ਸੁਖਵਿੰਦਰ ਸਿੰਘ ਭਾਗੀਵਾਂਦਰ, ਦਰਸ਼ਨ ਸਿੰਘ ਭੰਮੇ, ਹਰਗੋਬਿੰਦ ਸਿੰਘ ਸੇਖਪੁਰੀਆ, ਨਬਲਦੇਵ ਸਿੰਘ ਬੇਪਰਵਾਹ, ਲਖਵਿੰਦਰ ਸ਼ਰਮਾ ਦੇ ਜਥੇ ਵੱਲੋਂ ਵੱਖ-ਵੱਖ ਵੰਨਗੀ ਦੀਆਂ ਕਵੀਸਰੀਆਂ ਸੁਣਾ ਕੇ ਇਕੱਤਰ ਹੋਏ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਮੰਚ ਵੱਲੋਂ ਕਾਵਿ ਰੂਪ ਅਤੇ ਕਵੀਸ਼ਰੀ ਜਗਤ ਵਿੱਚ ਯੋਗਦਾਨ ਪਾਉਣ ਵਾਲਿਆਂ ਪੰਡਿਤ ਰਤਨ ਲਾਲ, ਬਿੱਲੂ ਸਿੰਘ ਉਡਤ, ਹਾਕਮ ਸਿੰਘ ਉਭਾ, ਰੂਪ ਸਿੰਘ ਧੌਲਾ, ਸੁਰਜੀਤ ਸਿੰਘ ਗਾਮੀਵਾਲਾ, ਸਵਰਗਵਾਸੀ ਸੁਰਜੀਤ ਸਿੰਘ ਧੌਲਾ ਦਾ ਪਰਿਵਾਰ, ਮੇਵਾ ਸਿੰਘ ਕੋਮਲ ਦਾ ਪਰਿਵਾਰ, ਪੰਡਿਤ ਬ੍ਰਹਮਾ ਨੰਦ ਦੇ ਪੋਤਰੇ ਪੰਡਿਤ ਗੋਰਾ ਲਾਲ ਨੂੰ ਸਨਮਾਨਿਤ ਕੀਤਾ ਗਿਆ। ਇਸ ਕਵੀਸ਼ਰੀ ਦਰਬਾਰ ਵਿੱਚ ਪੰਡਿਤ ਬ੍ਰਹਮਾ ਨੰਦ ਡਿੱਖ ਵਾਲਿਆਂ ਦਾ ਪੁਸਤਕ ਕਾਵਿ ਕਿੱਸਾ ਰਾਜਾ ਹਰੀ ਚੰਦ ਅਤੇ ਊਖਾ ਅਨਿਰੁੱਧ ਨੂੰ ਸਭਾ ਦੀ ਚੁਣੇ ਹੋਏ ਨੁਮਾਇੰਦਿਆ ਵੱਲੋਂ ਲੋਕ ਅਰਪਣ ਕੀਤੀ। ਇਸ ਮੌਕੇ ਸਭਾ ਦੇ ਸਰਪ੍ਰਸਤ ਚੇਤਾ ਸਿੰਘ ਮਹਿਰਮੀਆਂ, ਉੱਘੇ ਗੀਤਕਾਰ ਸ਼ੇਖਰ ਤਲਵੰਡੀ ਸਾਬੋ, ਗੁਰਜੀਤ ਸਿੰਘ ਭੀਖੀ, ਧਰਮਪਾਲ ਪਾਲੀ, ਰਵਿੰਦਰ ਕੁਮਾਰ, ਜੀਤੀ ਸਰਦਾਰ, ਤੇਜ ਰਾਮ ਸ਼ਰਮਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਭਾ ਦੇ ਪ੍ਰਬੰਧਕਾਂ ਵੱਲੋਂ ਆਏ ਹੋਏ ਜਥਿਆਂ ਤੇ ਸਨਮਾਨਿਤ ਸਖਸ਼ੀਅਤਾਂ ਲਈ ਲੰਗਰ ਚਾਹ ਪਾਣੀ ਦਾ ਵਿਸੇਸ਼ ਪ੍ਰਬੰਧ ਕੀਤਾ ਗਿਆ।ਸਟੇਜ ਸੈਕਟਰੀ ਦੀ ਸੇਵਾ ਦਰਸ਼ਨ ਸਿੰਘ ਭੰਮੇ ਵੱਲੋਂ ਨਿਭਾਈ ਗਈ।

## ਇੱਕ ਨਜ਼ਰ



### ਗੁਰੂ ਕਾਸ਼ੀ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਨੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ "ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਹਾੜਾ"

ਤਲਵੰਡੀ ਸਾਬੋ, 21 ਫਰਵਰੀ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਹਿਊਮੈਨਟੀਜ਼ ਅਤੇ ਭਾਸ਼ਾਵਾਂ ਦੇ ਪੰਜਾਬੀ ਵਿਭਾਗ ਤੇ ਫੈਕਲਟੀ ਆਫ਼ ਆਰਟਸ ਐਂਡ ਸੋਸ਼ਲ ਸਾਇੰਸਜ਼ ਵੱਲੋਂ ਐਨ.ਐਸ.ਐਸ ਵਿਭਾਗ ਦੇ ਸਹਿਯੋਗ ਨਾਲ "ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਹਾੜਾ" ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਡਾ. ਅਮਨਦੀਪ ਸਿੰਘ, ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਅਤੇ ਡਾ. ਪਰਦੀਪ ਕੌੜਾ, ਡੀਨ ਅਕਾਦਮਿਕ, ਜੀ.ਕੇ.ਯੂ.ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡੀਨ, ਡਾ. ਜਗਤਾਰ ਸਿੰਘ ਤੇ ਡਾ. ਗੁਰਪ੍ਰੀਤ ਕੌਰ ਨੇ ਪਤਵੰਤਿਆਂ ਦਾ ਸਵਾਗਤ ਕਰਦੇ ਹੋਏ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਤੇ ਮਾਂ ਬੋਲੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਦੀ ਸਮਾਜਿਕ ਤੇ ਸੱਭਿਆਚਾਰਕ ਤਰੱਕੀ ਲਈ ਉਸ ਦੇਸ਼ ਦੇ ਵਾਸੀਆਂ ਦਾ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣਾ ਜ਼ਰੂਰੀ ਹੈ। ਮੁੱਖ ਬੁਲਾਰੇ ਡਾ. ਅਮਨਦੀਪ ਸਿੰਘ ਨੇ ਸੂਚਨਾ ਤਕਨਾਲੋਜੀ, ਸੋਸ਼ਲ ਮੀਡੀਆ ਅਤੇ ਪੰਜਾਬੀ, ਨਵੀਨ ਚੁਣੌਤੀਆਂ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਸੂਚਨਾ ਤਕਨਾਲੋਜੀ ਦੇ ਯੁੱਗ ਵਿੱਚ ਪੰਜਾਬੀ ਮਾਂ ਬੋਲੀ ਦੀ ਵਰਤੋਂ ਕੰਪਿਊਟਰ ਦੇ ਹਰ ਖੇਤਰ ਵਿੱਚ ਕਰਨੀ ਚਾਹੀਦੀ ਹੈ। ਉਨ੍ਹਾਂ ਕੰਪਿਊਟਰ ਤੇ ਪੰਜਾਬੀ ਦੀ ਵਰਤੋਂ ਕਰਦੇ ਸਮੇਂ ਦਰਪੇਸ਼ ਚੁਣੌਤੀਆਂ ਬਾਰੇ ਕਿਹਾ ਕਿ ਇਸ ਖੇਤਰ ਵਿੱਚ ਖੋਜੀ ਅਤੇ ਭਾਸ਼ਾ ਵਿਗਿਆਨੀਆਂ ਵੱਲੋਂ ਕੰਮ ਕੀਤਾ ਜਾ ਰਿਹਾ ਹੈ ਤੇ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦਾ ਸਮਾਧਾਨ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ, ਈ-ਕਾਮਰਸ ਵਰਗੇ ਮੰਚਾਂ ਤੇ ਪੰਜਾਬੀ ਭਾਸ਼ਾ ਦਾ ਪ੍ਰਯੋਗ ਕਰਨ ਲਈ ਕਿਹਾ। ਦੂਜੇ ਸੈਸ਼ਨ ਦੇ ਮੁੱਖ ਬੁਲਾਰੇ ਡਾ. ਪਰਦੀਪ ਕੌੜਾ ਨੇ ਵਿਦਿਆਰਥੀਆਂ ਨੂੰ ਪੰਜਾਬੀ ਮਾਂ ਬੋਲੀ ਦੇ ਇਤਿਹਾਸ ਅਤੇ ਵਿਅਕਤੀਤੱਵ ਨਿਰਮਾਣ ਵਿੱਚ ਮਾਂ ਬੋਲੀ ਦੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਦੁਨੀਆਂ ਦੀ ਕਿਸੇ ਵੀ ਭਾਸ਼ਾ ਨੂੰ ਜਾਨਣ ਦੇ ਲਈ ਪਹਿਲਾਂ ਆਪਣੀ ਮਾਂ ਬੋਲੀ ਤੇ ਪਕੜ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਗੁਰੂਆਂ, ਪੀਰਾਂ ਤੇ ਨਾਇਕਾਂ ਦੀ ਭਾਸ਼ਾ ਹੈ ਇਸ ਵਿੱਚ ਸਾਡੇ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ ਗਈ ਹੈ, ਜੋ ਸਾਨੂੰ ਗੁੜ੍ਹਤੀ ਵਿੱਚ ਮਿਲੀ ਹੈ। ਇਸ ਲਈ ਮਾਤ ਭਾਸ਼ਾ ਵਿੱਚ ਆਪਣੇ ਜਜ਼ਬਾਤ ਲਿਖਣੇ ਅਤੇ ਬਿਆਨ ਕਰਨੇ ਅਤਿਅੰਤ ਪ੍ਰਭਾਵਸ਼ਾਲੀ ਹੁੰਦੇ ਹਨ। ਇਸ ਦੀ ਵਰਤੋਂ ਸਾਨੂੰ ਮਾਣ ਨਾਲ ਕਰਨੀ ਚਾਹੀਦੀ ਹੈ। ਸਮਾਰੋਹ ਵਿੱਚ ਡਾਇਰੈਕਟਰ ਵਿਦਿਆਰਥੀ ਭਲਾਈ, ਸ. ਸਰਦੂਲ ਸਿੰਘ ਸਿੱਧੂ, ਪੰਜਾਬੀ, ਹਿੰਦੀ, ਅੰਗਰੇਜੀ ਵਿਭਾਗ ਦੇ ਮੁੱਖੀ, ਫੈਕਲਟੀ ਮੈਂਬਰਾਂ ਤੇ ਲਗਭਗ 200 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਗੈਰ-ਪੰਜਾਬੀ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਸੱਭਿਆਚਾਰਕ ਪ੍ਰੋਗਰਾਨ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਿਹਾ। ਆਯੋਜਕਾਂ ਵੱਲੋਂ ਮੁੱਖ ਬੁਲਾਰਿਆਂ ਨੂੰ ਯਾਦਸ਼ਤ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ।